# ਦੋ ਪਲ ਦੀ ਹੈ ਜ਼ਿੰਦਗੀ

# ਦੋ ਪਲ ਦੀ ਹੈ ਜ਼ਿੰਦਗੀ

ਮਨਜੀਤ ਕੋਟੜਾ

ਸੰਪਾਦਕ
ਕੁਲਵਿੰਦਰ ਬੱਛੋਆਣਾ

**Do Pal Di Hai Zindgi**
(Collection of Poems)
By
Manjit Kotra
**© Editor Kulwinder Bachhoana**

Contact- 84277-17867

1st Edition May 2022

Type:- Manjit Kotra, Kulwinder Bachhoana
Setting:- Sony Simer 85578 98799

published by
**Caliber Publication Patiala**
Cont:- 9815448958, 9646784678(whatsapp)
Email:- caliberpublication@gmail.com

Printed & Bound at:
Aarna Printing Solution, Patiala
(Contact-99148-40666)

All rights reserved

ਉਸ ਸੁਨਹਿਰੀ ਯੁੱਗ ਦੇ ਨਾਂ
ਜਿਸ ਨੂੰ ਸਾਡੀਆਂ ਨਸਲਾਂ ਨੇ ਦੇਖਣਾ ਹੈ

# ਤਰਤੀਬ

**(ੳ) ਦਿਲਾਂ 'ਚ ਵਸਦਾ ਮਨਜੀਤ** **11-32**

- ਅੱਥਰਾ ਦਰਿਆ : ਮਨਜੀਤ ਕੋਟੜਾ 11
  *ਕੁਲਵਿੰਦਰ ਬੱਛੋਆਣਾ*
- ਅਸਾਧਾਰਨ ਵਿਦਿਆਰਥੀ 16
  *ਅਜਾਇਬ ਸਿੰਘ ਟਿਵਾਣਾ*
- ਜ਼ਹੀਨ ਬੰਦਾ 18
  *ਇੰਦਰਜੀਤ ਜੋਧਾ*
- ਹੈਪੀ ਦਾ ਸਾਥ 22
  *ਸੋਨੀਆ ਰਾਣੀ*
- ਮਨਜੀਤ ਦਾ ਜੀਵਨ ਸੰਘਰਸ਼ : ਇੱਕ ਦਵੰਦਵਾਦੀ ਨਜ਼ਰੀਆ 24
  *ਅਮਿੰਦਰਪਾਲ ਸਿੰਘ*
- ਸੰਘਰਸ਼ੀ ਯੋਧਾ 27
  *ਜਗਸੀਰ ਸਹੋਤਾ*
- ਸਾਥੀ ਤੇਰੇ ਸੁਪਨੇ ਅਜੇ ਅਧੂਰੇ ਹਨ 30
  *ਗੁਰਦੀਪ ਬਹਿਣੀਵਾਲ*

**(ਅ) ਮਨਜੀਤ ਦੀ ਰਚਨਾਕਾਰੀ** **32-105**

- ਦੌੜ ਵਿਚ ਹੁੰਦਿਆਂ 34
- ਅਸੀਂ ਫਿਰ ਮੁੜ ਆਏ ਹਾਂ 35
- ਹਾਸ਼ੀਏ 'ਤੇ ਚਲੇ ਗਏ 36
- ਇੱਕ ਰੁੱਤ ਸੀ ਬਦਲੀ 37
- ਤੇਰੀ ਹਸਤੀ 38
- ਕਮਲਿਆ ਸ਼ਾਇਰਾ 39
- ਗਿਰਝਾਂ ਕਾਂਵਾਂ ਨੂੰ 40
- ਤੇਰੀ ਬੁਨਿਆਦ ਦਾ ਪੱਥਰ 41
- ਦੋ ਪਲ ਦੀ ਹੈ ਜ਼ਿੰਦਗੀ 42
- ਇੱਕ ਚੰਨ 43
- ਪਤਝੜ ਵੀ ਹੈ 44

- ਪੀਲੇ ਭੂਕ ਪੱਤਿਓ 45
- ਦਿਲ ਨੂੰ ਦਿਲ ਮਿਲ 46
- ਝਾਂਜਰ 47
- ਜਸ਼ਨ ਤਰੱਕੀ ਦੇ 48
- ਗਰਦਿਸ਼ ਧੁੰਦੂਕਾਰ ਵਿੱਚ 49
- ਜ਼ਿੰਦਗੀ 50
- ਸੂਹੇ ਦਹਿਕਦੇ ਹਰਫ਼ੋ 51
- ਉੱਡਦੇ ਪਰਿੰਦੇ 52
- ਲਫ਼ਜ਼ਾਂ ਦੇ ਜਾਦੂਗਰੋ 53
- ਐ ਰਸਤੇ ਦਿਆ ਜੁਗਨੂੰਆ 54
- ਸ਼ੀਸ਼ਾ ਕੀਤਾ ਹਜ਼ਾਰ ਟੁਕੜੇ 55
- ਸਿਰ ਤਲ਼ੀ 'ਤੇ ਨਹੀਂ 56
- ਉਮਰ ਭਰ 57
- ਜਿਉਂਦਿਆਂ ਦੀ ਬੁਰਕੀ 58
- ਮਹਿਫ਼ਲ 'ਚ 59
- ਜਦ ਜਦ ਫ਼ਿਕਰ ਹੋਣੈ 60
- ਰੁੱਤਾਂ ਔੜਾਂ ਦੀਆਂ 61
- ਤੇਰੇ ਵਿਯੋਗ 'ਚ 62
- ਆਉਣ ਵਾਲੇ ਸਮੇਂ ਦੇ ਨਾਂ 63
- ਤਲਵਾਰ ਦੀ ਧਾਰ ਉੱਤੇ 64
- ਨੰਗੀਆਂ ਸ਼ਾਖਾਵਾਂ ਨੇ ਰੋਣੈ 65
- ਸ਼ਬਦ ਜਦੋਂ 66
- ਮਾਰਕਸ ਦਾ ਖ਼ਾਬ 67
- ਪਿਆਰ ਦੋਸਤੀ 68
- ਸੜ ਬਲ਼ ਜਾਵਾਂਗਾ 69
- ਡਿਗਦੇ ਢਹਿੰਦੇ 70
- ਖ਼ੰਜਰ ਹੈ ਤਿਆਰ ਏਥੇ 71
- ਕੀ ਹੈ ਤੇਰਾ ਪਿਆਰ 72

- ਥੱਕੇ-ਥੱਕੇ ਜਿਹੇ 73
- ਦਿਲ ਦਾ ਸੱਚ 74
- ਚੜ੍ਹਿਆ ਨੂਰ ਇਲਾਹੀ 75
- ਦਿਲ ਵਿੱਚ ਕਿਸੇ ਦੇ 76
- ਗੱਲ ਨਾ ਹੋਣੀ 77
- ਉੱਛਲਦੇ ਪਾਣੀ ਡੱਕਣਾ 78
- ਰਿਹਾ ਨਾ ਹੁਣ ਉਹ ਰਿਸ਼ਤਾ 79
- ਖ਼ਾਬ 80
- ਰਣਖੇਤਰ 81
- ਲਹਿਰਾਂ 82
- ਜਵਾਲਾਮੁਖੀ 83
- ਬੱਦਲ਼ੀ 84
- ਵਾਹਗਾ ਬਾਰਡਰ 86
- ਪਵਿੱਤਰ ਬੰਧਨ 87
- ਪੁਰਖਿਓ 88
- ਬਾਂਦਰ 89
- ਚੰਨ 90
- ਸਿਫ਼ਰਾਂ ਦਾ ਮੁਜਸੱਮਾ 91
- ਮਖੌਟੇ 92
- ਪਛਾਣ 93
- ਸ਼ਿੰਗਾਰਾ 94
- ਕਵਿਤਾ 95
- ਬੱਚੇ 96
- ਕੁੱਤੇ ਦੀ ਤਨਹਾਈ 98
- ਸਫ਼ਰ 99
- ਲਿਫਾਫੇ 100
- ਹਥਿਆਰ 101
- ਇੰਝ ਹੀ ਹੋਵੇਗਾ 102

❍ ਜ਼ਿੰਦਗੀ ਜ਼ਿੰਦਾਬਾਦ 103
❍ ਦਿਲ 104
❍ ਧੀ ਦਾ ਦਰਦ 105

**(ੲ) ਅਧੂਰੀਆਂ ਰਚਨਾਵਾਂ 106-119**
❍ ਪੈਮਾਨਾ 107
❍ ਸੂਰਜ ਬਣ ਜਾ 108
❍ ਬਿਨ ਸਿਰਲੇਖ ਰਚਨਾਵਾਂ 109

**(ਸ) ਹੋਰ ਲਿਖਤਾਂ 116-118**
❍ ਚਾਂਭਲ ਜਾਣਗੇ (ਮਿੰਨੀ ਕਹਾਣੀ) 116
❍ ਕੁੱਝ ਵਿਚਾਰ 118

# ਅੱਥਰਾ ਦਰਿਆ : ਮਨਜੀਤ ਕੋਟੜਾ

ਮਨਜੀਤ ਊਰਜਾਵਾਨ ਬੰਦਾ ਸੀ। ਮੂੰਹ-ਜ਼ੋਰ ਸੀ। ਉਹ ਦਰਿਆ ਸੀ। ਉਹਦੇ ਵਹਾਅ 'ਚ ਅਣਕਿਆਸੀ ਤਾਕਤ ਸੀ। ਦਰਿਆ ਨੂੰ ਜ਼ਾਬਤੇ 'ਚ ਕਰ ਕੇ ਸੁੱਕੇ ਖੇਤ ਹਰੇ ਭਰੇ ਕੀਤੇ ਜਾ ਸਕਦੇ ਨੇ। ਅੱਥਰਾ ਦਰਿਆ ਖ਼ਤਰਨਾਕ ਵੀ ਹੋ ਸਕਦਾ ਹੈ। ਮਨਜੀਤ ਜ਼ਾਬਤੇ 'ਚ ਘੁਟਨ ਮਹਿਸੂਸ ਕਰਦਾ ਸੀ। ਉਹ ਅਪਣੇ ਆਪ ਲਈ ਖ਼ਤਰਨਾਕ ਸਿੱਧ ਹੋਇਆ।

15 ਅਕਤੂਬਰ 1978 ਨੂੰ ਉਹ ਇਸ ਦੁਨੀਆਂ ਦਾ ਹਿੱਸਾ ਬਣਿਆ। ਪਿਤਾ ਸ. ਸ਼ੇਰ ਸਿੰਘ ਮਾਤਾ ਸ਼੍ਰੀਮਤੀ ਸ਼ਿੰਦਰ ਕੌਰ। ਦੋ ਭਰਾ ਜਸਵੀਰ ਸਿੰਘ ਤੇ ਸੁਖਵੀਰ ਸਿੰਘ ਅਤੇ ਇੱਕ ਭੈਣ ਜਸਵਿੰਦਰ ਕੌਰ ਉਸ ਤੋਂ ਛੋਟੇ ਸਨ। ਪਿਤਾ ਜੀ ਫੌਜੀ ਸਨ। ਬਚਪਨ ਆਮ ਬੱਚਿਆਂ ਦੀ ਤਰਾਂ ਤੇ ਅਨੁਸ਼ਾਸਨੀ ਮਹੌਲ 'ਚ ਬੀਤਿਆ। ਜਵਾਨ ਹੋਇਆ ਤਾਂ ਅੰਮ੍ਰਿਤਧਾਰੀ ਸਿੰਘ ਸਜਿਆ। ਦਸਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਚੋਂ ਕੀਤੀ। ਗਿਆਰਵੀਂ 'ਚ ਨੈਸ਼ਨਲ ਕਾਲਜ ਭੀਖੀ ਦਾਖਲਾ ਲਿਆ। ਦਿਮਾਗ ਤੇਜ਼ ਸੀ ਤੇ ਸੁਭਾਅ ਜੁਝਾਰੂ। ਅੰਦਰ ਜਿਵੇਂ ਕੋਈ ਖੌਰੂ ਪੈ ਰਿਹਾ ਸੀ। ਉਹਦੀ ਤਾਕਤ ਤੇ ਸਮਰੱਥਾ ਦੇ ਦਰਿਆ ਦਾ ਲਗਾਤਾਰ ਵਧ ਰਿਹਾ ਪਾਣੀ ਹੁਣ ਰਵਾਇਤੀ ਕੰਢਿਆ 'ਚ ਵਗਣ ਤੋਂ ਅਸਮਰੱਥ ਸੀ। ਉਹਨੂੰ ਖੁੱਲ੍ਹਾ ਮੋਕਲ਼ਾ ਥਾਂ ਚਾਹੀਦਾ ਸੀ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕਿਨਾਰਿਆਂ ਦਾ ਟੁੱਟਣਾ ਤੇ ਆਪੇ ਹੀ ਕੋਈ ਚੰਗਾ ਮਾੜਾ ਰਾਹ ਬਣਾ ਲੈਣਾ ਉਹਦੀ ਤਕਦੀਰ ਹੋ ਜਾਣੀ ਸੀ। ਆਖਰ ਉਹੀ ਹੋਇਆ ਜੋ ਸਾਡੇ ਮੁਲਕ 'ਚ ਬਹੁਗਿਣਤੀ ਨਾਲ ਹੁੰਦਾ ਹੈ। ਉਹਦੀ ਪ੍ਰਤਿਭਾ ਨੂੰ ਪਛਾਨਣ, ਗੌਲਣ ਤੇ ਰਾਹ ਪਾਉਣ ਵਾਲੇ ਚੌਗਿਰਦੇ ਦੀ ਅਣਹੋਂਦ ਸੀ। ਉਹ ਬਦਮਾਸ਼ੀ 'ਚ ਪੈਰ ਧਰਨ ਲੱਗਿਆ। ਆਲੇ- ਦੁਆਲੇ ਉਸ ਤਰਾਂ ਦਾ ਹੀ ਦਾਇਰਾ ਬਣਨਾ ਸ਼ੁਰੂ ਹੋ ਗਿਆ। ਗਰੁੱਪ ਬਣ ਗਿਆ। ਇਸ ਗਰੁੱਪ ਨੂੰ ਲੱਗਣ ਲੱਗਿਆ ਕਿ ਜ਼ਮੀਨ 'ਤੇ ਧਰਿਆ ਉਹਨਾਂ ਦਾ ਹਰ ਕਦਮ ਜਿਵੇਂ ਕਿਸੇ ਜਿੱਤ ਦਾ ਪ੍ਰਤੀਕ ਸੀ ਤੇ ਆਲੇ-ਦੁਆਲੇ ਦੇ ਸਭ ਲੋਕ ਉਹਨਾਂ ਦੀ ਸ਼ਾਨ ਵਧਾਉਣ ਲਈ ਹਨ। ਉਹ ਸਮਝਦੇ ਕਿ ਧਰਤੀ ਉਹਨਾਂ ਦੇ ਹੁਕਮ ਨਾਲ ਘੁੰਮਦੀ ਹੈ ਤੇ ਸੂਰਜ ਉਹਨਾਂ ਨੂੰ ਪੁੱਛ ਕੇ ਚੜ੍ਹਦਾ ਹੈ। ਅਜਿਹੀ 'ਬਾਦਸ਼ਾਹੀ' ਮੂਹਰੇ ਵਿਦਿਆਰਥੀ, ਅਧਿਆਪਕ, ਕਾਲਜ, ਪੜ੍ਹਾਈ ਸਭ ਕੀ ਚੀਜ਼ ਸਨ? ਉਹ ਮਨਮਰਜ਼ੀਆਂ ਕਰਨ ਲੱਗੇ। ਨਤੀਜਾ ਕਾਲਜ 'ਚੋਂ ਮੁਅੱਤਲੀ ਦੇ ਰੂਪ 'ਚ ਨਿਕਲਿਆ। ਇਹ ਸ਼ਾਇਦ ਉਹਦੇ ਚੰਗੇ ਨੂੰ ਹੀ ਵਾਪਰਿਆ। ਉਹਦੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਮੋੜ ਕਿਤੇ ਹੋਰ ਉਹਦੀ ਉਡੀਕ ਕਰ ਰਿਹਾ ਸੀ।

ਉਹ ਨਹਿਰੂ ਕਾਲਜ ਮਾਨਸਾ 'ਚ ਬੀ.ਏ. ਕਰਨ ਲੱਗਿਆ। ਏਥੇ ਉਹ ਇੱਕ ਵਾਰ ਕਮਿਉਨਿਸਟਾਂ ਦੇ ਸਿੱਖਿਆ ਨਾਲ ਸਬੰਧਤ ਕਿਸੇ ਸਮਾਗਮ 'ਚ ਚਲਾ ਗਿਆ। ਇਹ ਸਮਾਗਮ ਉਹਦੀ ਜ਼ਿੰਦਗੀ ਲਈ ਕੂਹਣੀ ਮੋੜ ਸਾਬਤ ਹੋਇਆ। ਬੱਸ ਉਹਨੂੰ ਉਹਦਾ ਰਾਹ ਮਿਲ ਗਿਆ ਸੀ। ਉਹ ਸੰਘਰਸ਼ਾਂ 'ਚ ਕੁੱਦ ਪਿਆ। ਫਲਸਫੇ ਦੀਆਂ ਕਿਤਾਬਾਂ ਪੜ੍ਹਨ ਲੱਗਿਆ। ਉਹਨੂੰ ਪਤਾ ਲੱਗਿਆ ਕਿ ਪੂੰਜੀਵਾਦੀ ਨਿਜ਼ਾਮ ਹੀ ਸਭ ਬੁਰਾਈਆਂ ਦੀ ਜੜ ਹੈ, ਜਿਸ ਨੂੰ ਵੋਟਾਂ ਨਾਲ ਨਹੀਂ ਬਦਲਿਆ ਜਾ ਸਕਦਾ। ਉਹ ਹੀਗਲ, ਫਿਊਰਬਾਕ, ਮਾਰਕਸ ਦੇ ਸਿਧਾਂਤਾਂ ਦੀ ਵਿਆਖਿਆ ਕਰਨ ਲੱਗਿਆ। ਭਗਤ ਸਿੰਘ ਦੀਆਂ ਗੱਲਾਂ ਕਰਦਾ। ਧਰਨੇ ਮੁਜ਼ਾਹਰਿਆਂ 'ਚ ਸ਼ੇਰ ਵਾਂਗੂੰ ਗੱਜਦਾ। ਬਾਹਾਂ ਉਲਾਰਦਾ ਹੋਇਆ ਮੈਦਾਨੇ ਜੰਗ 'ਚ ਤਲਵਾਰ ਨਾਲ ਲੜ ਰਿਹਾ ਯੋਧਾ ਜਾਪਦਾ। ਉਹ ਸਾਮਰਤੱਕ ਇਨਕਲਾਬ ਦਾ ਕੋਈ ਮਾਨਵੀ ਰੂਪ ਪ੍ਰਤੀਤ ਹੁੰਦਾ। ਉਹਦੇ ਹੱਥ ਕੋਈ ਮਸ਼ਾਲ ਆ ਗਈ ਸੀ ਜਿਸ ਨੇ ਜ਼ਿੰਦਗੀ ਦੇ ਹਨੇਰਿਆਂ ਨੂੰ ਵਾਹਣੀਂ ਪਾ ਦਿੱਤਾ ਸੀ। ਸਾਹਿਤ ਅਧਿਐਨ ਕਰਦਾ ਕਰਦਾ ਉਹ ਲਿਖਣ ਲੱਗ ਪਿਆ। ਉਹਦਾ ਲਿਖਣ ਦਾ ਉਦੇਸ਼ ਵੀ ਸਾਫ-ਸਪੱਸ਼ਟ ਸੀ – " ਸਾਹਿਤ ਸਿਰਜਣਾ ਸਿਰਫ ਮਨ ਪਰਚਾਵੇ ਲਈ ਕਲਮ ਘਸੀਟਣਾ ਨਹੀਂ।......ਵਧੀਆ ਸਾਹਿਤ ਉਹੀ ਮੰਨਿਆ ਜਾਂਦਾ ਹੈ ਜੋ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਾਲੀਆਂ ਅਗਾਂਹਵਧੂ ਤਾਕਤਾਂ ਦੀ ਰਹਿਨੁਮਾਈ ਕਰਦਾ ਹੈ ਅਤੇ ਉਹਨਾਂ ਤੋਂ ਪ੍ਰੇਰਨਾ ਲੈਂਦਾ ਹੈ। ਜਮਾਤਾਂ ਵਿੱਚ ਵੰਡੇ ਹੋਏ ਸਮਾਜ ਦੇ ਦੋ ਨਜ਼ਰੀਏ ਹਨ: ਇੱਕ ਮਜ਼ਦੂਰ ਜਮਾਤ ਦਾ ਅਤੇ ਦੂਜਾ ਹੈ ਸਰਮਾਏਦਾਰ ਜਮਾਤ ਦਾ।.... ਸੋ ਅਸੀਂ ਅਪਣੀ ਜੁੰਮੇਵਾਰੀ ਕਬੂਲਦੇ ਹਾਂ ਤੇ ਕਲਮ ਚੱਕੀ ਸੁਚੇਤ ਰੂਪ ਵਿੱਚ ਮਜ਼ਦੂਰ ਜਮਾਤ ਦੇ ਨਾਲ ਖੜ੍ਹੇ ਹਾਂ।"

2004 'ਚ ਉਹ ਗੁਰੂ ਨਾਨਕ ਕਾਲਜ ਬੁਢਲਾਡੇ ਐਮ.ਏ. ਪੰਜਾਬੀ ਕਰਨ ਲੱਗਿਆ। ਸਾਡਾ ਬੀ.ਏ. ਦਾ ਆਖਰੀ ਸਾਲ ਸੀ। ਕਾਲਜ ਦੀ ਫ਼ਿਜ਼ਾ ਨੂੰ ਉਹਦੀ ਹੋਂਦ ਮਹਿਸੂਸ ਹੋਣ ਲੱਗੀ। ਪਾਰਕ 'ਚ ਬੈਠੇ ਵਿਦਿਆਰਥੀਆਂ ਦੇ ਝੁੰਡ 'ਚ ਉਹ ਆਗੂਆਂ ਵਾਂਗ ਗੱਲਾਂ ਕਰਦਾ ਦੂਰੋਂ ਚਮਕਦਾ। ਪ੍ਰੋਫੈਸਰਾਂ ਨਾਲ ਬਹਿਸ ਕਰਦਾ। ਇੱਕ ਵਾਰ ਉਹਨੇ ਇੱਕ ਧਾਰਮਿਕ ਸੁਭਾਅ ਦੇ ਪ੍ਰੋਫੈਸਰ ਨੂੰ ਕਲਾਸ 'ਚ ਉੱਠ ਕੇ ਸਵਾਲ ਕਰ ਦਿੱਤਾ ਕਿ ਧਾਰਮਿਕ ਬੰਦਿਆਂ 'ਚ ਹੀ ਜ਼ਿਆਦਾ ਗਿਰਾਵਟ ਕਿਉਂ ਆਈ ਹੈ। ਸਵਾਲ ਪਰੇਸ਼ਾਨ ਕਰਨ ਵਾਲਾ ਸੀ। ਬਹਿਸ ਚੱਲ ਪਈ। ਮਹੌਲ ਤਲਖ ਹੋ ਗਿਆ। ਆਖਰ ਉਹ ਉੱਠ ਕੇ ਕਲਾਸ ਚੋਂ ਬਾਹਰ ਚਲਾ ਗਿਆ। ਮਗਰ ਉਹਦੇ ਗਰੁੱਪ ਦੇ ਚਾਰ ਪੰਜ ਵਿਦਿਆਰਥੀ ਵੀ ਚਲੇ ਗਏ।

ਇਹਨਾਂ ਦਿਨਾਂ 'ਚ ਹੀ ਉਹ ਸਾਡੇ ਪਿੰਡ ਬੱਛੋਆਣੇ ਰਹਿਣ ਲੱਗਿਆ, ਆਵਦੀ ਭੂਆ ਕੋਲ਼। ਅਸੀਂ ਉਹਨੂੰ ਇਉਂ ਦੇਖਦੇ ਜਿਵੇਂ ਆਮ ਲੋਕ ਕਿਸੇ ਮਸ਼ਹੂਰ ਬੰਦੇ ਨੂੰ ਦੇਖਦੇ ਹਨ। ਸਾਡਾ ਆਪਸ 'ਚ ਸ਼ਾਇਦ ਕੁਝ ਨਹੀਂ ਮਿਲਦਾ ਸੀ। ਉਹ ਬੁੱਧੀਮਾਨ ਸੀ। ਗੁਣਵਾਨ ਸੀ। ਅਸੀਂ ਆਮ ਔਸਤਨ ਵਿਦਿਆਰਥੀ। ਅਸੀਂ ਪਤਾ ਨਹੀਂ ਕਦੋਂ ਤੇ ਕਿਵੇਂ ਉਹਦੇ ਵੱਲ ਖਿੱਚੇ ਗਏ, ਨੇੜੇ ਹੋ ਗਏ, ਦੋਸਤ ਬਣ ਗਏ। ਦੋਸਤੀ ਦਾ ਰੰਗ ਗੂੜ੍ਹਾ ਚੜ੍ਹਿਆ।

ਉਹ ਦੋਸਤੀ 'ਚ ਹਿਸਾਬ-ਕਿਤਾਬ ਨੀਂ ਸੀ ਲਾਉਂਦਾ। ਦਰਿਆ ਦਿਲ ਸੀ। ਅਸੀਂ ਉਹਤੋਂ ਬਹੁਤ ਕੁੱਝ ਸਿੱਖਿਆ। ਉਹਦੇ ਨਾਲ ਰਹਿ ਕੇ ਬੜਾ ਕੁੱਝ ਮਾਣਿਆ। ਮਾਣਨਾ ਵੀ ਓਸੇ ਤੋਂ ਸਿੱਖਿਆ। ਇੱਕ ਵਾਰ ਕਿਸੇ ਗੱਲੋਂ ਮਨ ਮੁਟਾਵ ਹੋ ਗਿਆ। ਇੱਕ ਮਹੀਨਾ ਅਸੀਂ ਆਪਸ 'ਚ ਗੱਲ ਨਾ ਕਰੀ। ਫੇਰ ਸਭ ਪਹਿਲਾਂ ਜਿਹਾ ਹੋ ਗਿਆ। ਕਈ ਵਾਰ ਉਹਦੀਆਂ ਗੱਲਾਂ 'ਤੇ ਅਸੀਂ ਹੱਸ ਪੈਂਦੇ। ਉਹਦਾ ਵਿਆਹ ਬੜਾ ਸਾਦਾ ਤੇ ਵਿਲੱਖਣ ਹੋਇਆ ਸੀ। ਕਹਿੰਦਾ ਇਸ ਵਿਆਹ ਦੀਆਂ ਸੀਡੀਆਂ ਆਪਾਂ ਜਲੰਧਰ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਵੇਚਾਂਗੇ, ਤਾਂ ਕਿ ਲੋਕਾਂ ਨੂੰ ਸਾਦੇ ਵਿਆਹ ਕਰਨ ਦੀ ਪ੍ਰੇਰਨਾ ਮਿਲੇ। ਅਸੀਂ ਹੱਸ ਪਏ।

ਸਾਹਿਤ ਨਾਲ ਵਾਹ ਓਸੇ ਨੇ ਪਵਾਇਆ। ਮੈਨੂੰ ਗ਼ਜ਼ਲ ਲਿਖਣ ਦੀ ਚੇਟਕ ਵੀ ਇੱਕ ਦਿਨ ਮਨਜੀਤ ਦਾ ਕੋਈ ਸ਼ੇਅਰ ਸੁਣ ਕੇ ਹੀ ਲੱਗੀ। 12 ਦਸੰਬਰ 2009 ਨੂੰ ਮੈਂ ਪਹਿਲੀ ਵਾਰ ਕੋਈ ਸਾਹਿਤਕ ਸਮਾਗਮ ਦੇਖਿਆ। ਇਹ ਸਰਕਾਰੀ ਪ੍ਰਾਇਮਰੀ ਸਕੂਲ ਜਵਾਹਰਕੇ (ਮਾਨਸਾ) ਵਿਖੇ ਸਤਪਾਲ ਭੀਖੀ ਦੀ ਕਿਤਾਬ 'ਕੋਈ ਨਾਲ-ਨਾਲ' 'ਤੇ ਗੋਸ਼ਟੀ ਸੀ, ਜਿਸ 'ਚ ਮਨਜੀਤ ਮੈਨੂੰ ਨਾਲ਼ ਲੈ ਗਿਆ ਸੀ। 17 ਜਨਵਰੀ 2010 ਨੂੰ ਮੈਂ ਪਹਿਲੀ ਵਾਰ ਕਿਸੇ ਕਵੀ ਦਰਬਾਰ 'ਚ ਅਪਣੀ ਗ਼ਜ਼ਲ ਪੜ੍ਹੀ। ਇਹ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਜੈਤੋ ਵਿਖੇ ਹੋਇਆ ਸੀ ਤੇ ਇਹਦੇ 'ਚ ਮਨਜੀਤ ਨੂੰ ਸੱਦਿਆ ਗਿਆ ਸੀ। ਉਹ ਮੈਨੂੰ ਵੀ ਨਾਲ਼ ਲੈ ਗਿਆ ਸੀ। ਇਸ ਕਵੀ ਦਰਬਾਰ 'ਚ ਸਾਨੂੰ ਪਾਤਰ ਸਾਹਬ, ਜਸਵਿੰਦਰ, ਜਸਵੰਤ ਜ਼ਫ਼ਰ, ਸੁਲੱਖਣ ਸਰਹੱਦੀ ਜੀ ਵਰਗੇ ਵੱਡੇ ਸ਼ਾਇਰਾਂ ਦਾ ਥਾਪੜਾ ਮਿਲਿਆ। ਬਠਿੰਡੇ ਹੋਏ ਰੁਪਿੰਦਰ ਮਾਨ ਯਾਦਗਾਰੀ ਸਾਹਿਤਕ ਸਮਾਗਮ 'ਚ ਅਸੀਂ ਦੋਵਾਂ ਨੇ ਗ਼ਜ਼ਲ ਲਿਖਣੀ ਸਿੱਖਣ ਲਈ ਸ੍ਰੀ ਸੁਲੱਖਣ ਸਰਹੱਦੀ ਜੀ ਨੂੰ ਉਸਤਾਦ ਧਾਰਿਆ। ਮੈਂ ਤਾਂ ਨਿਰੰਤਰ ਸਰਹੱਦੀ ਸਾਹਬ ਨਾਲ ਜੁੜਿਆ ਰਿਹਾ ਤੇ ਸਿਖਦਾ ਰਿਹਾ ਪਰ ਮਨਜੀਤ ਨੇ ਕਦੇ ਵੀ ਉਹਨਾਂ ਨਾਲ ਕੋਈ ਸੰਪਰਕ ਨਾ ਕੀਤਾ। ਉਹਨੇ ਬਹਿਰ ਨਾ ਸਿੱਖੀ। ਲਿਖਦਾ ਰਿਹਾ। ਉਹ ਬਹਿਰ ਦਾ ਖੁੱਲ੍ਹੇਆਮ ਵਿਰੋਧ ਤਾਂ ਨਹੀਂ ਕਰਦਾ ਸੀ ਪਰ ਅੰਦਰੋਂ ਬਹਿਰ ਵਿਧਾਨ 'ਤੇ ਔਖਾ ਹੀ ਸੀ। ਕੰਢਿਆਂ 'ਚ ਵਹਿਣਾ ਉਹਨੂੰ ਬੇਚੈਨ ਕਰਦਾ ਸੀ।

ਉਹ ਬੇਖ਼ੌਫ਼ ਬੰਦਾ ਸੀ। ਬੇਬਾਕ ਸੀ। ਮੂੰਹ 'ਤੇ ਗੱਲ ਕਹਿਣ ਦਾ ਹੌਂਸਲਾ ਰਖਦਾ ਸੀ। ਇੱਕ ਵਾਰ ਉਹਦੇ ਘਰੇਂ ਮੈਂ ਉਹਨੂੰ ਆਵਦੀ 'ਸਿਸਟਮ 'ਤੇ ਚੋਟ ਕਰਦੀ ਇੱਕ ਤਿੱਖੀ ਕਵਿਤਾ' ਦਿਖਾਈ। ਪੜ੍ਹ ਕੇ ਪਹਿਲਾਂ ਹੱਸਿਆ। ਫੇਰ ਕਹਿੰਦਾ ਇਹ ਕਵਿਤਾ ਘੱਟ ਹੈ ਤੇ ਵਾਰਤਕ ਜ਼ਿਆਦਾ। ਸੁਣ ਕੇ ਮੈਨੂੰ ਔਖ ਹੋਈ। ਉਹਨੇ ਭਾਂਪ ਲਿਆ। ਫੇਰ ਕਹਿੰਦਾ ਕੋਈ ਨੀਂ ਤੂੰ ਮੇਰੇ ਕੋਲੇ ਰੱਖਜਾ, ਮੈਂ ਦੇਖ ਲਊਂ ਬਾਦ 'ਚ। ਮੈਂ ਰੱਖ ਆਇਆ। ਦੇਖ ਤਾਂ ਉਹ ਚੁੱਕਿਆ ਹੀ ਸੀ। ਮੈਂ ਵੀ ਹੁਣ ਸਮਝ ਚੁੱਕਾ ਸੀ। ਮੁੜ ਕੇ ਉਹ ਕਵਿਤਾ ਕਿਤੇ ਨਹੀਂ ਲੱਭੀ ਤੇ ਇਸ ਗੱਲ ਦੀ ਮੈਨੂੰ ਖ਼ੁਸ਼ੀ ਹੈ। ਗ਼ੈਰਤਮੰਦ ਹੱਦੋਂ ਵੱਧ ਸੀ। ਇੱਕ ਵਾਰ ਕਿਸੇ ਸਮਾਗਮ 'ਤੇ ਮੈਂ ਉਹਨੂੰ ਕਿਹਾ ਕਿ ਚਲ ਪਾਤਰ ਸਾਹਬ ਨਾਲ ਫੋਟੋ ਖਿਚਾਈਏ।

ਹੱਸ ਕੇ ਕਹਿੰਦਾ ਆਪਾਂ ਫੋਟੋ ਓਦੋਂ ਖਿਚਾਵਾਂਗੇ ਜਦੋਂ ਪਾਤਰ ਸਾਹਬ ਅਪਣੇ ਕੋਲ਼ੇ ਆ ਕੇ ਕਹਿਣਗੇ ਕਿ ਮੈਂ ਥੋਡੇ ਨਾਲ ਫੋਟੋ ਖਿਚਾਉਣੀ ਐ।

ਖਰਚ ਦਾ ਖੁੱਲ੍ਹਾ ਸੀ। ਉਹਦੇ 'ਚ ਦੂਜਿਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਈ ਵਿਲੱਖਣ ਸ਼ਕਤੀ ਸੀ। ਫਿਲਾਸਫੀ 'ਤੇ ਚੰਗੀ ਪਕੜ ਸੀ। ਚੰਗਾ ਬੁਲਾਰਾ ਸੀ। ਘੰਟਿਆਂਬੱਧੀ ਬੋਲ ਸਕਦਾ ਸੀ। ਸੁਣਨ ਵਾਲਿਆਂ 'ਤੇ ਜਾਦੂਈ ਅਸਰ ਛੱਡਦਾ। ਉਹ ਅਜਿਹਾ ਵਿਦਿਆਰਥੀ ਆਗੂ ਸੀ ਜਿਸ 'ਚ ਹੋਰ ਆਗੂ ਪੈਦਾ ਕਰਨ ਦੀ ਵੀ ਸ਼ਕਤੀ ਸੀ। ਉਹ ਇੱਕ ਜਰਨੈਲ ਵਾਂਗ ਸਿਪਾਹੀ ਤਿਆਰ ਕਰ ਸਕਦਾ ਸੀ ਤੇ ਫਿਰ ਉਹਨਾਂ ਨੂੰ ਜਰਨੈਲ ਬਣਾ ਸਕਦਾ ਸੀ। ਉਹਦੀ ਅਥਾਹ ਸ਼ਕਤੀ ਤੇ ਸਮਰੱਥਾ ਅਜਾਈਂ ਗਈ। ਸਾਂਭੀ ਨਹੀਂ ਜਾ ਸਕੀ।

ਵਿਆਹ ਤੋਂ ਬਾਦ ਉਹ ਆਵਦੇ ਪਿੰਡ ਕੋਟੜਾ ਕਲਾਂ ਰਹਿਣ ਲੱਗ ਗਿਆ। ਜਿਲ੍ਹਾ ਪ੍ਰੀਸ਼ਦ ਦੀ ਭਰਤੀ ਅਧੀਨ ਈ.ਟੀ.ਟੀ. ਟੀਚਰ ਲੱਗ ਗਿਆ। ਅਧਿਆਪਕ-ਜਥੇਬੰਦੀ 'ਚ ਕਾਫ਼ੀ ਸਰਗਰਮ ਰਿਹਾ। ਪਰਿਵਾਰਕ ਰੁਝੇਵਿਆਂ ਤੇ ਪਿੰਡਾਂ ਦੀ ਦੂਰੀ ਕਾਰਨ ਸਾਡਾ ਮੇਲਜੋਲ ਵੀ ਹੁਣ ਘਟ ਗਿਆ ਸੀ। ਫਿਰ ਉਹਨੂੰ ਹੈਪੇਟਾਈਟਸ–ਸੀ ਹੋ ਗਿਆ। ਦੇਸੀ ਇਲਾਜ ਕਰਾਉਂਦਾ ਰਿਹਾ। ਮੈਂ ਕਈ ਵਾਰ ਕਿਹਾ ਕਿ ਪੀਜੀਆਈ ਦਿਖਾ, ਮੈਂ ਨਾਲ ਚਲਦਾ ਹਾਂ। ਅੱਗੋਂ ਕਹਿ ਦਿੰਦਾ, "ਨਹੀਂ, ਠੀਕ ਐ ਹੁਣ ਤਾਂ, ਰਿਪੋਰਟ ਪਹਿਲਾਂ ਨਾਲੋਂ ਠੀਕ ਆਈ ਐ।" ਦੇਖਣ ਨੂੰ ਲਗਦਾ ਵੀ ਠੀਕ ਸੀ। ਉਹ ਅਪਣੀ ਪਾਰਟੀ ਦੀਆਂ ਮੀਟਿੰਗਾਂ 'ਚ ਜਾਂਦਾ। ਬੇਬਾਕ ਆਲੋਚਨਾ ਕਰਦਾ। ਉਹਦੇ ਦੱਸਣ ਮੁਤਾਬਕ, ਆਲੋਚਨਾ ਬੜੇ ਠਰ੍ਹੰਮੇ ਨਾਲ ਸੁਣੀ ਜਾਂਦੀ। ਉਸ ਤੋਂ ਬਾਦ ਭੁਲਾ ਦਿੱਤੀ ਜਾਂਦੀ। ਸਥਿਤੀ 'ਜੈਸੇ ਥੇ' ਵਾਲੀ ਰਹਿੰਦੀ। ਉਹ ਹੌਲੀ-ਹੌਲੀ ਨਿਰਾਸ਼ ਹੁੰਦਾ ਗਿਆ। ਉਹਨੂੰ ਰਹਿਬਰਾਂ ਤੋਂ ਕੋਫਤ ਹੋਣ ਲੱਗੀ। ਫਿਰ ਇਹ ਨਫ਼ਰਤ 'ਚ ਬਦਲ ਗਈ। ਹੈਪੇਟਾਈਟਸ ਹੌਲੀ-ਹੌਲੀ ਲੀਵਰ ਖਰਾਬ ਕਰੀ ਜਾ ਰਿਹਾ ਸੀ। ਸ਼ਰਾਬ ਜਾਰੀ ਸੀ, ਸਗੋਂ ਵਧ ਗਈ ਸੀ। ਉਹਦੇ ਕੁੱਝ 'ਦੋਸਤ' ਵੀ ਪੀਣ 'ਚ ਉਹਦਾ ਸਾਥ ਦਿੰਦੇ। ਉਹ ਭਟਕ ਚੁੱਕਾ ਸੀ। ਘਰ 'ਚ ਵੀ ਉਹ ਅਪਣੇ ਵਿਵਹਾਰ ਤੋਂ ਉਲਟ ਹਰਕਤਾਂ ਕਰਨ ਲੱਗਾ। ਮੈਂ ਫੋਨ ਕਰਦਾ ਤਾਂ ਉਹ ਠੀਕ ਗੱਲ ਕਰਦਾ। ਅੱਗੇ ਤੋਂ ਸਭ ਠੀਕ ਰੱਖਣ ਦਾ ਵਾਹਦਾ ਵੀ ਕਰਦਾ। ਪਰ ਇਸ ਤਰਾਂ ਹੁੰਦਾ ਨਾ। ਉਹਦੀ ਅਵਾਜ਼ ਦਬੀ ਦਬੀ ਜਹੀ ਲਗਦੀ। ਹੈਪੇਟਾਈਟਸ-ਸੀ ਅਪਣਾ ਕੰਮ ਕਰ ਚੁੱਕਿਆ ਸੀ। ਮੈਂ ਤੇ ਜੋਧਾ ਦੋ ਵਾਰ ਉਹਨੂੰ ਮਿਲਣ ਘਰ ਗਏ। ਉਦਾਸ ਵਾਪਸ ਪਰਤੇ। ਉਹ ਦਬ ਗਿਆ ਸੀ। ਪਹਿਲਾਂ ਵਾਲੀ ਗੜ੍ਹਕ ਨਹੀਂ ਸੀ ਰਹੀ। ਉਹਨੇ ਇਲਾਜ 'ਚ ਲਾਪਰਵਾਹੀ ਵਰਤੀ।

ਸਾਡੀ ਆਖਰੀ ਮੁਲਾਕਾਤ 23 ਜੁਲਾਈ 2017 ਨੂੰ ਬਠਿੰਡੇ ਦੇ ਇੱਕ ਨਿੱਜੀ ਹਸਪਤਾਲ 'ਚ ਹੋਈ। ਸਾਰਾ ਦਿਨ ਮੈਂ ਉਹਦੇ ਕੋਲ਼ ਰਿਹਾ। ਉਹਨੇ ਕਿਹਾ, "ਹੁਣ ਆਪਾਂ ਆਪਣੀਆਂ ਕਿਤਾਬਾਂ ਛਪਾਈਏ।" ਮੈਂ ਉਹਨੂੰ ਦੱਸਿਆ ਨਹੀਂ ਕਿ ਮੈਂ ਅਪਣੀ ਕਿਤਾਬ ਛਪਵਾਉਣ ਦਾ ਕੰਮ ਸ਼ੁਰੂ ਕਰ ਚੁੱਕਾ ਸੀ। ਸੋਚਿਆ, ਇਹਨੂੰ ਬੁਰਾ ਲੱਗੇਗਾ। ਹਫ਼ਤੇ ਬਾਦ 1 ਅਗਸਤ 2017 ਨੂੰ ਉਹ ਰੁਖਸਤ ਹੋ ਗਿਆ। ਮੇਰੀ ਕਿਤਾਬ ਤਾਂ ਛਪ ਗਈ

ਪਰ ਉਹਦੀਆਂ ਡਾਇਰੀਆਂ ਦੋ ਸਾਲ ਤੱਕ ਨਾ ਲੱਭੀਆਂ। ਉਹਦੇ ਸ਼ਬਦ ਵੀ ਜਿਵੇਂ ਉਹਦੇ ਦੁੱਖ 'ਚ ਡੁੱਬੇ ਕਿਧਰੇ ਛੁਪ ਗਏ ਸਨ। ਉਹਦਾ ਆਖਿਆ ਵਾਕ ਮੇਰੇ ਕੰਨਾਂ 'ਚ ਗੂੰਜਦਾ ਰਹਿੰਦਾ ਸੀ – " ਹੁਣ ਆਪਾਂ ਆਪਣੀਆਂ ਕਿਤਾਬਾਂ ਛਪਾਈਏ।"

ਖੁਸ਼ੀ ਹੈ ਕਿ ਉਹਦੀ ਕਿਤਾਬ ਛਪ ਗਈ ਹੈ। ਦੁੱਖ ਹੈ ਕਿ ਉਹਦੇ ਜਾਣ ਤੋਂ ਬਾਦ ਛਪੀ ਹੈ।

ਉਹ ਸਾਡੇ ਦਿਲਾਂ 'ਚ ਤਾਂ ਹੈ ਹੀ, ਇਸ ਕਿਤਾਬ ਜ਼ਰੀਏ ਸਾਡੇ ਸਾਹਮਣੇ ਵੀ ਹੋਵੇਗਾ। ਹੁਣ ਉਹ ਸਾਡੇ ਕੋਲ਼ ਬੈਠੇਗਾ, ਗੱਲਾਂ ਕਰੇਗਾ, ਆਸ-ਪਾਸ ਰਹੇਗਾ। ਮਨਜੀਤ ਹਮੇਸ਼ਾ ਜਿਉਂਦਾ ਰਹੇਗਾ। ਹੁਣ ਉਹ ਕਿਤੇ ਨਹੀਂ ਜਾਵੇਗਾ।

ਕੁਲਵਿੰਦਰ ਬੱਛੋਆਣਾ

# ਅਸਾਧਾਰਨ ਵਿਦਿਆਰਥੀ

ਜਨਵਰੀ 1987 ਤੋਂ 31 ਮਾਰਚ 2020 ਤੱਕ ਦੇ ਆਪਣੇ ਅਧਿਆਪਨ ਕਾਰਜ ਦੌਰਾਨ ਮੇਰਾ ਸਿੱਧੇ ਅਸਿੱਧੇ ਰੂਪ 'ਚ ਅਨੇਕਾਂ ਕਿਸਮ ਦੇ ਵਿਦਿਆਰਥੀਆਂ ਨਾਲ ਵਾਹ ਪਿਆ। ਬੇਹੱਦ ਤੀਖਣ ਬੁੱਧੀ ਰੱਖਣ ਵਾਲੇ, ਸਾਧਾਰਨ, ਕਲਾਕਾਰ, ਖਿਡਾਰੀ, ਸਮਾਜ 'ਚੋਂ ਹਰ ਕਿਸਮ ਦੀਆਂ ਭੈੜੀਆਂ ਅਲਾਮਤਾਂ ਆਪਣੇ ਨਾਲ ਲੈ ਕੇ ਵਿਦਿਅਕ ਅਦਾਰਿਆਂ ਵਿੱਚ ਦਾਖਲ ਹੋਣ ਵਾਲੇ, ਰਾਜਨੀਤਕ ਸੂਝ ਰੱਖਣ ਵਾਲੇ ਆਦਿ। ਪਰ ਕੁੱਝ ਅਜਿਹੇ ਵਿਦਿਆਰਥੀ ਵੀ ਹੁੰਦੇ ਸਨ ਜਿੰਨ੍ਹਾਂ ਦੀਆਂ ਹਾਂ ਪੱਖੀ ਜਾਂ ਨਾਂਹ ਪੱਖੀ ਸਰਗਰਮੀਆਂ ਕਾਰਨ ਉਨ੍ਹਾਂ ਦੀ ਤਸਵੀਰ ਮਨ 'ਤੇ ਸਦਾ ਲਈ ਗਹਿਰੀ ਉਕਰੀ ਜਾਂਦੀ ਰਹੀ ਹੈ। ਇਨ੍ਹਾਂ ਵਿੱਚੋਂ ਕੁਝ ਵਿਰਲੇ ਹੀ ਹੁੰਦੇ ਸਨ ਜੋ ਆਪਣੇ ਵਿਵਹਾਰ ਅਤੇ ਜੀਵਨ-ਦਰਸ਼ਨ ਪੱਖੋਂ 180 ਦਰਜੇ ਦਾ ਮੋੜ ਕੱਟ ਜਾਂਦੇ ਸਨ। ਉਨ੍ਹਾਂ ਦੀ ਜੀਵਨਧਾਰਾ ਵਿੱਚ ਆਈ ਤਬਦੀਲੀ ਹੈਰਾਨ ਕਰਨ ਵਾਲੀ ਹੁੰਦੀ ਹੈ। ਅਜਿਹੇ ਵਿਦਿਆਰਥੀ ਅਸਾਧਾਰਨ ਕਿਸਮ ਦੇ ਹੁੰਦੇ ਹਨ ਜੋ ਆਮ ਲੀਹ ਨਾਲੋਂ ਵੱਖਰਾ ਰਾਸਤਾ ਬਣਾਉਣ ਦੀ ਸਮਰੱਥਾ ਰੱਖਦੇ ਹਨ। ਅਜਿਹਾ ਹੀ ਇੱਕ ਵਿਦਿਆਰਥੀ ਸੀ ਮਨਜੀਤ ਸਿੰਘ ਕੋਟੜਾ। ਉਸ ਨਾਲ ਸਬੰਧਤ ਤਿੰਨ ਘਟਨਾਵਾਂ ਮੈਨੂੰ ਅੱਜ ਤੱਕ ਯਾਦ ਹਨ ਜੋ ਅੱਗੇ ਵੀ ਯਾਦ ਰਹਿਣਗੀਆਂ। ਮੈਨੂੰ ਅਗਸਤ 1995 ਤੋਂ ਨਵੰਬਰ 2001 ਤੱਕ ਨੈਸ਼ਨਲ ਕਾਲਜ ਭੀਖੀ ਵਿੱਚ ਬਤੌਰ ਲੈਕਚਰਾਰ (ਅੰਗਰੇਜ਼ੀ) ਸੇਵਾ ਕਰਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਪਹਿਲੀ ਘਟਨਾ 1998 ਦੀ ਹੈ। ਸ. ਲਾਭ ਸਿੰਘ ਧਾਲੀਵਾਲ ਕਾਲਜ ਦੇ ਪ੍ਰਿੰਸੀਪਲ ਸਨ। ਮੈਂ ਕਾਲਜ ਮੈਗਜ਼ੀਨ 'ਜੋਤ' (THE JYOT) ਦਾ ਮੁੱਖ ਸੰਪਾਦਕ ਸੀ। ਪ੍ਰਿੰਸੀਪਲ ਸ. ਲਾਭ ਸਿੰਘ ਧਾਲੀਵਾਲ ਦੀਆਂ ਨਿੱਜੀ ਕੋਸ਼ਿਸ਼ਾਂ ਸਦਕਾ 1998 ਵਿੱਚ ਵਿੱਚ ਮੈਗਜ਼ੀਨ ਦਾ ਤੀਸਰਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਜਿਸ ਦਿਨ ਮੈਗਜ਼ੀਨ ਕਾਲਜ ਦੇ ਅਹਾਤੇ 'ਚ ਰਿਲੀਜ਼ ਕੀਤਾ ਜਾਣਾ ਸੀ, ਉਸ ਦਿਨ ਮੈਗਜ਼ੀਨ ਲਈ ਆਰਥਿਕ ਸਹਾਇਤਾ ਦੇਣ ਵਾਲੇ ਸੱਜਣ ਸ੍ਰੀ ਰਾਮਦਿੱਤਾ ਰਾਮ ਭੀਖੀ ਨੂੰ ਵੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਇਸ ਸਮਾਗਮ 'ਚ ਬੁਲਾਇਆ ਗਿਆ ਸੀ। ਹਰ ਇੱਕ ਵਿਦਿਆਰਥੀ ਲਈ ਇਹ ਹਦਾਇਤ ਸੀ ਕਿ ਉਹ ਬਾਕਾਇਦਾ ਕਤਾਰ 'ਚ ਲੱਗ ਕੇ ਆਪਣੀ ਵਾਰੀ ਆਉਣ 'ਤੇ ਆਪਣਾ ਪਛਾਣ ਪੱਤਰ ਦਿਖਾਕੇ ਮੈਗਜ਼ੀਨ ਦੀ ਕਾਪੀ ਪ੍ਰਾਪਤ ਕਰੇਗਾ। ਉਸ ਸਮੇਂ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਕਾ. ਫਕੀਰੀਆ ਸਿੰਘ ਸਨ। ਜਸਵੰਤ ਸਿੰਘ ਕੋਟੜਾ ਇਸ ਕਮੇਟੀ ਦੇ ਮੈਂਬਰ ਸਨ। ਮਨਜੀਤ ਸਿੰਘ ਕੋਟੜਾ ਦੀ ਦੋਸਤੀ ਜਸਵੰਤ ਸਿੰਘ ਕੋਟੜੇ ਦੇ ਮੁੰਡੇ ਨਾਲ ਸੀ ਜੋ ਉਸ ਸਮੇਂ ਪੜ੍ਹਾਈ ਲਈ ਤਾਂ ਗੰਭੀਰ ਹੈ ਹੀ ਨਹੀਂ ਸੀ, ਸ਼ਾਇਦ ਉਸ

ਨੂੰ ਆਪਣੇ ਪਿਤਾ ਦੇ ਮੈਨੇਜਿੰਗ ਕਮੇਟੀ ’ਚ ਹੋਣ ਦਾ ਨਸ਼ਾ ਵੀ ਹੋਵੇ। ਐਸ਼ ਪ੍ਰਸ਼ਤੀ ਕਰਨ ਵਾਲੇ ਟੋਲਿਆਂ ਵਾਲਾ ਵਿਵਹਾਰ ਸੀ ਇਨ੍ਹਾਂ ਦਾ। ਆਪਣੀ ਆਦਤ ਮੁਤਾਬਕ ਇਹ ਦੋਵੇਂ ਬਿਨਾਂ ਪਛਾਣ ਪੱਤਰਾਂ ਦੇ ਬਿਨਾਂ ਕਤਾਰ ’ਚ ਲੱਗਿਆਂ, ਸਿੱਧੇ ਹੀ ਮੈਗਜ਼ੀਨ ਲੈਣ ਦੀ ਕੋਸ਼ਿਸ਼ ਕਰਨ ਲੱਗੇ। ਮਨ੍ਹਾ ਕਰਨ ’ਤੇ ਦੋਹਾਂ ਨੇ ਮੈਗਜ਼ੀਨ ਵੰਡ ਰਹੇ ਅਧਿਆਪਕਾਂ ਨਾਲ ਵੀ ਬਦਤਮੀਜ਼ੀ ਕੀਤੀ। ਸਿੱਟੇ ਵਜੋਂ ਕਾਲਜ ਸਟਾਫ ਦੀ ਸਰਵਸੰਮਤ ਰਾਇ ਦੇ ਨਾਲ ਪ੍ਰਿੰਸੀਪਲ ਸ. ਲਾਭ ਸਿੰਘ ਧਾਲੀਵਾਲ ਵੱਲੋਂ ਮੈਨੇਜਿੰਗ ਕਮੇਟੀ ਦੀ ਪ੍ਰਵਾਹ ਨਾ ਕਰਦਿਆਂ ਦੋਹਾਂ ਦੇ ਖਿਲਾਫ ਸਖ਼ਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਗਈ। ਦੂਸਰੀ ਘਟਨਾ ਉਸ ਤੋਂ ਬਾਅਦ ਦੀ ਹੈ ਜਦੋਂ ਮਨਜੀਤ ਨੇ ਨਹਿਰੂ ਮੈਮੋਰੀਅਲ ਕਾਲਜ ਮਾਨਸਾ ’ਚ ਦਾਖਲਾ ਲੈ ਲਿਆ ਸੀ। ਸਾਲਾਨਾ ਪੇਪਰ ਹੋ ਰਹੇ ਸਨ। ਪੰਜਾਬੀ ਯੂਨੀਵਰਿਸਟੀ ਵੱਲੋਂ ਮੇਰੀ ਪ੍ਰੀਖਿਆ ਡਿਊਟੀ ਇਸੇ ਕਾਲਜ ’ਚ ਲਗਾਈ ਗਈ ਸੀ। ਇੱਕ ਦਿਨ ਜਿਉਂ ਹੀ ਪੇਪਰ ਦਾ ਸਮਾਂ ਖਤਮ ਹੋਇਆ, ਮੈਂ ਵਿਦਿਆਰਥੀਆਂ ਤੋਂ ਉੱਤਰ ਪੱਤਰੀਆਂ ਇਕੱਠੀਆਂ ਕਰਦਿਆਂ ਮਨਜੀਤ ਪਾਸ ਪਹੁੰਚਿਆ। ਮੇਰੇ ਵੱਲੋਂ ਮੰਗਣ ’ਤੇ ਉਸ ਨੇ ਉੱਤਰ ਪੱਤਰੀ ਮੇਰੇ ਹਵਾਲੇ ਨਾ ਕੀਤੀ ਬਲਕਿ ਮੇਰੇ ਵੱਲ ਪੰਗਾ ਲੈਣ ਵਾਲੇ ਅੰਦਾਜ਼ ਨਾਲ ਤੱਕਿਆ। ਮੈਂ ਉਸ ਨਾਲ ਬੇਮਤਲਬਾ ਉਲਝਣ ਨਾਲੋਂ ਬਾਕੀ ਵਿਦਿਆਰਥੀਆਂ ਤੋਂ ਉੱਤਰ ਪੱਤਰੀਆਂ ਲਈਆਂ ਅਤੇ ਅਖੀਰ ’ਚ ਦੁਬਾਰਾ ਉਸ ਪਾਸ ਆਇਆ ਤਾਂ ਔਖ ਜੀ ਨਾਲ ਉਸ ਨੇ ਉੱਤਰ ਪੱਤਰੀ ਮੈਨੂੰ ਦੇ ਦਿੱਤੀ। ਤੀਸਰੀ ਘਟਨਾ ਕਾਫੀ ਬਾਅਦ ਦੇ ਸਮੇਂ ਦੀ ਹੈ। ਸ਼ਾਇਦ ਸਿੱਖਿਆ ਬਚਾਓ ਪ੍ਰੋਗਰਾਮ ਨਾਲ ਸਬੰਧਿਤ ਕੋਈ ਮੀਟਿੰਗ ਸੀ ਜਦੋਂ ਮਨਜੀਤ ਮੈਨੂੰ ਮਿਲਿਆ। ਹੁਣ ਉਹ ਬਿੱਲਕੁਲ ਬਦਲਿਆ ਹੋਇਆ ਸੀ। ਉਹ ਇਨਕਲਾਬੀ ਵਿਚਾਰਾਂ ਦੇ ਰੰਗ ਵਿੱਚ ਰੰਗਿਆ ਹੋਇਆ ਸੀ ਅਤੇ ਵਿਦਿਆਰਥੀਆਂ ਨੌਜਵਾਨਾਂ ’ਚ ਇਨ੍ਹਾਂ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਹੀ ਨਹੀਂ ਕਰ ਰਿਹਾ ਸੀ ਬਲਕਿ ਸੰਘਰਸ਼ ਦੇ ਮੈਦਾਨ ’ਚ ਸਰਗਰਮ ਸੀ। ਉਹ ਬਹੁਤ ਹੀ ਅਪਣੱਤ ਨਾਲ ਮਿਲਿਆ। ਬਾਕੀ ਗੱਲਾਂ ਤੋਂ ਇਲਾਵਾ ਜਿਹੜੀ ਗੱਲ ਉਸ ਨੇ ਸਵੈ-ਪੜਚੋਲ ਅਤੇ ਇਕਬਾਲੀਆ ਲਹਿਜੇ ’ਚ ਕਹੀ, ਉਹ ਸੀ, “ਸਰ ਜੀ, ਜੇਕਰ ਤੁਹਾਡੇ ਨਾਲ ਮੇਲ ਨਾ ਹੋਇਆ ਹੁੰਦਾ ਤਾਂ ਹੁਣ ਤੱਕ ਮੈਂ ਚੋਟੀ ਦਾ ਗੁੰਡਾ ਬਦਮਾਸ਼ ਬਣਿਆ ਹੋਣਾ ਸੀ।” ਉਸ ਦੇ ਬੋਲਾਂ ’ਚੋਂ ਪਛਤਾਵੇ ਅਤੇ ਗਲਤੀ ਦਾ ਅਹਿਸਾਸ ਸਾਫ ਝਲਕ ਰਿਹਾ ਸੀ। ਦਿੱਤੇ ਗਏ ਇਸ ਮਾਣ ਤੇ ਸਤਿਕਾਰ ਦੇ ਹੁੰਗਾਰੇ ਵਜੋਂ ਮੈਂ ਉਸ ਨੂੰ ਥਾਪੀ ਦਿੱਤੀ। ਪਰ ਅਫਸੋਸ! ਜਿੰਨੀ ਉਸ ਦਿਨ ਉਸ ਨੇ ਖੁਸ਼ੀ ਦਿੱਤੀ, ਉਸ ਦੀ ਬੇਵਕਤ ਤੇ ਨਿਰਾਸ਼ਾਜਨਕ ਮੌਤ ਨੇ ਉਸ ਤੋਂ ਕਈ ਗੁਣਾ ਸਦਮਾ ਪਹੁੰਚਾਇਆ। ਮੈਨੂੰ ਇਹ ਘਟਨਾਕ੍ਰਮ ਨੂੰ ਦੁਬਾਰਾ ਬਿਆਨਣ ’ਚ ਵੀ ਤਕਲੀਫ ਹੋ ਰਹੀ ਹੈ। ਕਈ ਵਾਰੀ ਮਨ ’ਚ ਆਉਂਦਾ ਹੈ, ਕਾਸ਼! ਉਸ ਨਾਲ ਤੀਜੀ ਮੁਲਾਕਾਤ ਨਾ ਹੀ ਹੋਈ ਹੁੰਦੀ। ਪਰੰਤੂ ਕਿਸੇ ਲੇਖਕ ਨੇ ਲਿਖਿਆ ਸੀ ਜਿਸ ਦਾ ਨਾਂ ਮੇਰੇ ਚੇਤੇ ’ਚੋਂ ਨਿੱਕਲ ਗਿਆ ਹੈ ਕਿ ਮਨੁੱਖ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਉਹ ਆਪਣੇ ਬੀਤੇ ਨੂੰ ਵਾਪਸ ਨਹੀਂ ਬੁਲਾ ਸਕਦਾ।

ਪ੍ਰੋ. ਅਜਾਇਬ ਸਿੰਘ ਟਿਵਾਣਾ

(ਅਧਿਆਪਕ)

# ਜ਼ਹੀਨ ਬੰਦਾ

ਗੱਲ 2004 ਦੀ ਹੈ। ਕਿਸੇ ਨੇ ਸਾਡੇ ਨਿੱਕੇ ਜਹੇ ਕਾਲਜ ਦੀ ਨਿੱਕੀ ਜਹੀ ਕੰਟੀਨ ਕੋਲ ਕਾਲਜ ਦੀ ਪ੍ਰਧਾਨਗੀ ਦਾ ਪੋਸਟਰ ਲਾਇਆ ਸੀ। ਪੋਸਟਰ ਵੀ ਕਾਹਦਾ ਸੀ, ਕਿਸੇ ਨੇ ਇੱਕ ਪੇਜ ’ਤੇ ਨਾਂ ਲਿਖਿਆ ਤੇ ਚਿਪਕਾ ਦਿੱਤਾ। ਥੋੜ੍ਹੀ ਦੂਰ ਇੱਕ ਪਾਸੇ ਕੁੜਤਾ ਪਜਾਮਾ ਪਾਈਂ ਹੱਡਾਂ ਪੈਰਾਂ ਦਾ ਖੁੱਲ੍ਹਾ ਇੱਕ ਨੌਜਵਾਨ ਕੁਝ ਬੋਲ ਰਿਹਾ ਸੀ। ਉਸ ਦੀਆਂ ਗੱਲਾਂ ਤੋਂ ਸਾਨੂੰ ਲੱਗਿਆ ਕਿ ਇਸ ਨੂੰ ਪ੍ਰਧਾਨਗੀ ਦਾ ਪੋਸਟਰ ਲਾਉਣ ਵਾਲੀ ਗੱਲ ਚੰਗੀ ਨਹੀਂ ਲੱਗੀ ਜਾਂ ਸ਼ਾਇਦ ਇਹ ਆਪ ਪ੍ਰਧਾਨ ਬਣਨਾ ਚਾਹੁੰਦਾ ਹੋਵੇ। ਕਿਸੇ ਨੇ ਉਸ ਨੂੰ ਪੁੱਛਿਆ, “ਤੂੰ ਬਣਨੈ ਪ੍ਰਧਾਨ?” ਉਸ ਨੇ ਕਿਹਾ, “ਨਹੀਂ, ਮੈਨੂੰ ਨਹੀਂ ਸ਼ੌਂਕ ਪ੍ਰਧਾਨਗੀ ਦਾ। ਅਸਲ ’ਚ ਵਿਦਿਆਰਥੀ ਲੀਡਰ ਉਹੀ ਬਣ ਸਕਦਾ ਹੈ ਜੋ ਵਿਦਿਆਰਥੀ ਹਿੱਤਾਂ ਦੀ ਰਾਖੀ ਕਰਨੀ ਜਾਣਦਾ ਹੋਵੇ। ਪੋਸਟਰ ਲਾਉਣ ਨਾਲ ਪ੍ਰਧਾਨ ਨੀਂ ਬਣਿਆ ਜਾ ਸਕਦਾ।” ਮੈਨੂੰ ਗੱਲ ਸਮਝ ਨਹੀਂ ਲੱਗੀ। ਮੈਨੂੰ ਕੀ ਕਿਸੇ ਨੂੰ ਵੀ ਇਹ ਗੱਲ ਸਮਝ ਨਹੀਂ ਲੱਗੀ। ਪੋਸਟਰ ਲਾਉਣ ਵਾਲੀ ਧਿਰ ਨੇ ਕਿਹਾ ਕਿ ਜੇ ਇਤਰਾਜ਼ ਨਹੀਂ ਤਾਂ ਬੱਸ ਠੀਕ ਹੈ, ਸਾਡਾ ਬੰਦਾ ਪ੍ਰਧਾਨ ਹੈ। ਮੇਲਾ ਬਿੱਝੜ ਗਿਆ। ਸਾਰੇ ਉਰ੍ਹਾਂ ਪਰ੍ਹਾਂ ਹੋ ਗਏ। ਮੈਨੂੰ ਮੇਰੇ ਜਮਾਤੀ ਮੱਖਣ ਨੇ ਦੱਸਿਆ ਕਿ ਇਹ ਕੋਟੜੇ ਆਲਾ ਮਨਜੀਤ ਹੈ ਤੇ ਆਪਣੇ ਪਿੰਡ ਬੱਛੋਆਣੇ ਇਸ ਦੀ ਭੂਆ ਹੈ। ਇਸ ਤਰਾਂ ਮਨਜੀਤ ਕੋਟੜੇ ਨਾਲ ਮੇਰੀ ਪਹਿਲੀ ਤੇ ਸੰਖੇਪ ਜਹੀ ਜਾਣ-ਪਛਾਣ ਹੋਈ।

ਮੇਰੀ ਵੱਡੀ ਭੈਣ ਪ੍ਰਾਈਵੇਟ ਬੀ.ਏ. ਕਰਦੀ ਸੀ ਤੇ ਉਸ ਨੂੰ ਰਾਜਨੀਤੀ ਸ਼ਾਸਤਰ ਸਮਝਣ ਵਿੱਚ ਬੜੀ ਦਿੱਕਤ ਆ ਰਹੀ ਸੀ। ਅਸੀਂ ਸੁਣਿਆ ਕਿ ਪਿੰਡ ਵਿੱਚ ਕੋਈ ਰਾਜਨੀਤੀ ਸ਼ਾਸਤਰ ਪੜ੍ਹਾ ਰਿਹਾ ਸੀ। ਪਤਾ ਕਰਨ ’ਤੇ ਪਤਾ ਲੱਗਿਆ ਕਿ ਮਨਜੀਤ ਹੀ ਟਿਊਸ਼ਨ ਪੜ੍ਹਾ ਰਿਹਾ ਹੈ। ਮੈਂ ਭੈਣ ਨੂੰ ਉਹਦੇ ਕੋਲ ਜਾਣ ਦੀ ਸਲਾਹ ਦਿੱਤੀ। ਟਿਊਸ਼ਨ ਸ਼ੁਰੂ ਹੋਈ। ਦਸ ਕੁ ਦਿਨ ਬਾਅਦ ਭੈਣ ਨੇ ਕਿਹਾ ਕਿ ਉਹ ਕਿਤਾਬ ‘ਚੋਂ ਤਾਂ ਕੁਝ ਵੀ ਨਹੀਂ ਪੜ੍ਹਾਉਂਦਾ। ਬਸ ਅਪਣੇ ਕੋਲੋਂ ਹੀ ਗੱਲਾਂ ਕਰੀ ਜਾਂਦਾ ਹੈ। ਦੂਜਾ ਕੋਈ ਪ੍ਰਬੰਧ ਨਹੀਂ ਸੀ ਤਾਂ ਉਸੇ ਕੋਲ ਹੀ ਟਿਊਸ਼ਨ ਜਾਂਦੇ ਰਹੇ। ਮਹੀਨੇ ਡੇਢ ਮਹੀਨੇ ਬਾਅਦ ਭੈਣ ਨੇ ਕਿਹਾ ਕਿ ਹੁਣ ਰਾਜਨੀਤੀ ਸ਼ਾਸਤਰ ਸੌਖੀ ਹੋ ਗਈ ਹੈ। ਮੈਂ ਪੁੱਛਿਆ ਕਿ ਮਨਜੀਤ ਕਿਵੇਂ ਪੜ੍ਹਾਉਂਦਾ ਹੈ। ਉਸ ਨੇ ਕਿਹਾ ਕਿ ਕਿਤਾਬ ਚੋਂ ਤਾਂ ਕੁਝ ਨਹੀਂ ਪੜ੍ਹਾਉਂਦਾ ਪਰ ਕਿਤਾਬ ਵਰਗੀਆਂ ਗੱਲਾਂ ਜ਼ਰੂਰ ਕਰਦੈ। ਪਤਾ ਨੀਂ ਮਨਜੀਤ ਨੇ ਕੀ ਪੜ੍ਹਾਇਆ ਜਾਂ ਭੈਣ ਨੇ ਕੀ ਪੜ੍ਹਿਆ ਪਰ ਬੀ.ਏ. ਵਿੱਚੋਂ ਰਾਜਨੀਤੀ ਸ਼ਾਸਤਰ ਦੇ ਸੱਚਮੁੱਚ ਹੀ ਨੰਬਰ ਚੰਗੇ ਆਏ। ਮਨਜੀਤ ਦਾ ਪੜ੍ਹਾਉਣਾ ਤੇ ਗੱਲਾਂ ਕਰਨੀਆਂ ਇੱਕ ਬਰਾਬਰ ਹੀ ਸੀ।

ਹੌਲੀ ਹੌਲੀ ਸਾਡੀ ਨੇੜਤਾ ਮਨਜੀਤ ਨਾਲ ਵਧਣ ਲੱਗੀ। ਮੈਨੂੰ ਪਤਾ ਲੱਗਿਆ ਕਿ ਮਨਜੀਤ ਕਿਸੇ ਵਿਦਿਆਰਥੀ ਜਥੇਬੰਦੀ ਵਿਚ ਕੰਮ ਕਰਦਾ ਹੈ। ਉਸ ਨੇ ਹੀ ਸਾਡੀ ਜਾਣ ਪਛਾਣ ਸਾਡੇ ਹੀ ਕਾਲਜ ਦੇ ਲਾਇਬ੍ਰੇਰੀਅਨ ਸ. ਅਮਿੰਦਰਪਾਲ ਸਿੰਘ ਗਰੇਵਾਲ ਨਾਲ ਕਰਵਾਈ। ਉਨ੍ਹਾਂ ਦੇ ਘਰੇਂ ਜਾਣਾ ਆਮ ਹੋਇਆ। ਮਨਜੀਤ ਨਾਲ ਰਹਿਣਾ ਆਮ ਹੋਇਆ। ਤੇ ਇੱਕ ਖ਼ਾਸ ਗੱਲ ਪਤਾ ਲੱਗੀ ਕਿ ਵਿਦਿਆਰਥੀ ਸਿਰਫ ਪੜ੍ਹਨ ਲਈ ਹੀ ਨਹੀਂ ਹੁੰਦੇ, ਬਹੁਤ ਕੁਝ ਸਮਝਣ ਲਈ ਵੀ ਹੁੰਦੇ ਨੇ ਤੇ ਬਹੁਤ ਕੁਝ ਕਰਨ ਲਈ ਵੀ। ਸਮੇਤ ਸਮਝ ਲੱਗੀ ਕਿ ਬਹੁਤ ਕੁਝ ਕਰਨਾ ਹੈ ਪਰ ਕੀ ਕਰਨਾ ਹੈ ਇਸ ਦੀ ਸਮਝ ਅਜੇ ਵੀ ਨਹੀਂ ਸੀ। ਜਥੇਬੰਦੀ ਦੀਆਂ ਮੀਟਿੰਗਾਂ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਤੇ 'ਆਲ ਇੰਡੀਆ ਡੈਮੋਕਰੇਟਿਕ ਸਟੂਡੈਂਟਸ ਆਰਗੇਨਾਈਜ਼ੇਸ਼ਨ' (AIDSO) ਦਾ ਨਾਂ ਪਤਾ ਲੱਗਿਆ ਮਨਜੀਤ ਦੀਆਂ ਗੱਲਾਂ ਤੋਂ ਸਿਰਫ਼ ਏਨਾ ਹੀ ਪਤਾ ਲੱਗਦਾ ਕਿ ਕੁਝ ਕਰਨਾ ਹੈ। ਇਨਕਲਾਬ… ਸ਼ਾਇਦ ਭਗਤ ਸਿੰਘ ਵਰਗਾ ਇਨਕਲਾਬ। ਮਨਜੀਤ ਤੋਂ ਹੀ ਪਤਾ ਲੱਗਿਆ ਕਿ ਜਾਤਾਂ ਧਰਮਾਂ ਨਸਲਾਂ ਤੋਂ ਬਿਨਾਂ ਦੋ ਵਰਗ ਹੋਰ ਵੀ ਨੇ – ਮਜ਼ਦੂਰ ਤੇ ਸਰਮਾਏਦਾਰ - ਜਿਨ੍ਹਾਂ ਨੂੰ ਮਨਜੀਤ ਸਭ ਤੋਂ ਉੱਪਰ ਗਿਣਦਾ ਸੀ ਤੇ ਮੰਨਦਾ ਸੀ ਕਿ ਬਾਕੀ ਜਾਤ ਨਸਲ ਜਾਂ ਧਰਮ ਇਨ੍ਹਾਂ ਦੋ ਵਰਗਾਂ ਦੀ ਹੋਂਦ ਕਰਕੇ ਹੀ ਹਨ। ਸਾਨੂੰ ਪਤਾ ਹੀ ਨਾ ਲੱਗਿਆ ਅਸੀਂ ਕਦੋਂ ਵਰਗ ਸੰਘਰਸ਼ਾਂ ਦਾ ਪਾਠ ਪੜ੍ਹ ਲਿਆ। ਮਨਜੀਤ ਦੀਆਂ ਗੱਲਾਂ ਉਨ੍ਹਾਂ ਕਿਤਾਬਾਂ ਵਰਗੀਆਂ ਸੀ ਜਿਹੜੀਆਂ ਉਹ ਸਾਨੂੰ ਪੜ੍ਹਨ ਲਈ ਆਖਦਾ ਰਹਿੰਦਾ। ਅਸੀਂ ਕਿਤਾਬਾਂ ਪੜ੍ਹਨ ਵੀ ਲੱਗੇ ਸਾਂ ਪਰ ਸਾਨੂੰ ਸਮਝ ਤਾਂ ਮਨਜੀਤ ਦੀਆਂ ਗੱਲਾਂ ਤੋਂ ਹੀ ਆਉਂਦੀ ਕਿ ਕਿਤਾਬ 'ਚ ਕੀ ਲਿਖਿਆ ਹੈ। ਉਹ ਹਰੇਕ ਢੁੱਕਵੀਂ ਗੱਲ ਢੁੱਕਵੇਂ ਸਮੇਂ 'ਤੇ ਢੁੱਕਵੇਂ ਤਰੀਕੇ ਨਾਲ ਕਰਦਾ।

ਇੱਕ ਵਾਰ ਵਿਹੜੇ ਵਾਲਿਆਂ ਨਾਲ ਸਾਡੀ ਲੜਾਈ ਹੋ ਗਈ। ਲੜਾਈ ਵੀ ਕੀ ਸੀ, ਕਿਸੇ ਨੇ ਕਿਸੇ ਨੂੰ ਕੁਝ ਬੋਲਿਆ ਹੋਣਾ ਤੇ ਉਸ ਨੇ ਦੋਸਤੀ ਦੋਸਤੀ ਕਰਕੇ ਸਾਨੂੰ ਵੀ ਵਿੱਚ ਘੜੀਸ ਲਿਆ। ਅਸੀਂ ਵੀ ਹੱਥਾਂ ਵਿੱਚ ਡਾਂਗਾਂ ਸੋਟੀਆਂ ਫੜ ਕੇ ਲੜਨ ਲਈ ਚੱਲ ਪਏ। ਲੜਾਈ ਹੋਈ। ਕਿਸੇ ਦੇ ਵੱਜੀਆਂ ਕਿਸੇ ਨੇ ਮਾਰੀਆਂ। ਬਸ ਦਸ ਪੰਦਰਾਂ ਮਿੰਟ ਦੀ ਗੱਲ ਸੀ। ਦੂਜੇ ਦਿਨ ਸੁਵਖਤੇ ਹੀ ਪਤਾ ਲੱਗਾ ਕਿ ਕੱਲ੍ਹ ਦੀ ਲੜਾਈ ਨੂੰ ਲੈ ਕੇ ਪੰਚਾਇਤ ਇਕੱਠੀ ਹੋਈ ਹੈ ।ਆਪਾਂ ਟਲ਼ ਗਏ। ਬੁਢਲਾਡੇ ਸਟੇਸ਼ਨ ਤੋਂ ਗੱਡੀ ਫੜੀ ਤੇ ਕੁਲਵਿੰਦਰ ਦੇ ਤਾਏ ਦੇ ਮੁੰਡੇ ਗੁਰੀ ਦਾ ਪਤਾ ਲੈਣ ਲਈ ਬਠਿੰਡੇ ਪਹੁੰਚ ਗਏ। ਉਸ ਦਾ ਸ਼ਾਇਦ ਕੋਈ ਅਪਰੇਸ਼ਨ ਹੋਇਆ ਸੀ। ਪੰਚਾਇਤ 'ਚ ਕੀ ਹੋਇਆ ਕੁਝ ਪਤਾ ਨਹੀਂ ਲੱਗਿਆ। ਵਾਪਸ ਆਏ ਤਾਂ ਗੱਲ ਆਈ ਗਈ ਕਰ ਛੱਡੀ। ਸ਼ਾਮੀਂ ਮਨਜੀਤ ਮਿਲਿਆ। ਲੜਾਈ ਦਾ ਉਸ ਨੂੰ ਪਤਾ ਸੀ। ਉਸ ਨੇ ਮੈਨੂੰ ਕਿਹਾ, "ਤੈਨੂੰ ਲੈਨਿਨ ਦੀ ਜੀਵਨੀ ਦਿੱਤੀ ਸੀ, ਤੂੰ ਪੜ੍ਹੀ ?" ਮੈਂ ਕਿਹਾ, "ਹਾਂ, ਕਈ ਦਿਨ ਹੋਗੇ ਪੜ੍ਹ ਲਈ।" ਮਨਜੀਤ ਨੇ ਕਿਹਾ, "ਫਾਇਦਾ ਕੀ ਹੋਇਆ? ਉਸ ਦੇ ਪਹਿਲੇ ਪੰਨਿਆਂ 'ਤੇ ਹੀ ਲਿਖਿਆ ਹੈ ਕਿ ਇਕ ਚੇਤਨ ਮਨੁੱਖ ਕਦੇ ਵੀ ਘਸੁੰਨਾਂ ਨਾਲ ਨਹੀਂ ਲੜਦਾ। ਤੇ ਤੂੰ ਤਾਂ ਲੜਿਆ ਵੀ ਉਨ੍ਹਾਂ ਨਾਲ ਹੈ ਜਿਨ੍ਹਾਂ ਖਾਤਰ ਲੜਨ ਵਾਸਤੇ ਲੈਨਿਨ ਨੇ ਆਖਿਆ ਸੀ।" ਮੈਂ ਨੀਵੀਂ ਪਾ

ਲਈ। ਸ਼ਰਮਿੰਦਗੀ ਮਹਿਸੂਸ ਹੋਈ ਪਰ ਗੱਲ ਸਮਝ ਆ ਗਈ।ਲੈਨਿਨ ਦੀ ਜੀਵਨੀ ਦਾ ਤੱਤਸਾਰ ਮਨਜੀਤ ਨੇ ਇੱਕ ਲਾਈਨ ਵਿੱਚ ਹੀ ਸਮਝਾ ਦਿੱਤਾ। ਉਸ ਦਿਨ ਤੋਂ ਬਾਦ ਮੈਂ ਨਾ ਹੀ ਉਨ੍ਹਾਂ ਮੁੰਡਿਆਂ ਨਾਲ ਰਲਿਆ ਤੇ ਨਾ ਹੀ ਕਦੇ ਲੜਿਆ।

ਮਨਜੀਤ ਹਰ ਚੀਜ਼ ਨੂੰ ਬੜੀ ਨੀਝ ਨਾਲ ਦੇਖਦਾ ਤੇ ਨੀਝ ਨਾਲ ਹੀ ਉਹ ਕਿਸੇ ਚੀਜ਼ ਦਾ ਵਿਸ਼ਲੇਸ਼ਣ ਕਰਦਾ। ਉਹ ਆਮ ਤੋਂ ਆਮ ਗੱਲ ਨੂੰ ਬੜੇ ਖ਼ਾਸ ਤਰੀਕੇ ਨਾਲ ਸੁਣਦਾ, ਸਮਝਦਾ ਤੇ ਸਮਝਾਉਂਦਾ। ਇੱਕ ਵਾਰ ਪਿੰਡ ਦੇ ਡੇਰੇ ਬਾਬਾ ਥੰਮਣ ਸਿੰਘ ਵਿਖੇ ਇਕ ਨਾਟਕ ਮੰਡਲੀ ਆਈ। ਕੋਈ ਸਰਕਾਰੀ ਪ੍ਰੋਗਰਾਮ ਸੀ। ਪਾਣੀ ਦੀ ਸਾਂਭ ਸੰਭਾਲ ਅਤੇ ਬੱਚਤ ਬਾਰੇ ਨਾਟਕ ਖੇਡਿਆ ਗਿਆ। ਨਾਟਕ ਮੰਡਲੀ ਵਿੱਚੋਂ ਇੱਕ ਪਾਤਰ ਪਾਣੀ ਬਣਿਆ, ਇਕ ਦੋ ਪਾਤਰ ਕਿਟਾਣੂ ਬਣੇ ਜੋ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਸੀ। ਨਾਟਕ ਦਾ ਨਿਰਦੇਸ਼ਕ ਦੱਸ ਰਿਹਾ ਸੀ ਕਿ ਨਾਟਕ ਕਈ ਥਾਵਾਂ ਤੋਂ ਫਸਟ ਆਇਆ ਹੈ। ਮੈਂ ਤੇ ਮਨਜੀਤ ਇੱਕ ਕੁਰਸੀ ਤੇ ਅੱਧੇ ਅੱਧੇ ਬੈਠੇ ਨਾਟਕ ਦੇਖ ਰਹੇ ਸੀ। ਮੈਂ ਨਾਟਕ ਦੇਖਦਾ ਦੇਖਦਾ ਕਈ ਵਾਰ ਉੱਚੀ ਹੱਸਿਆ। ਮਨਜੀਤ ਸਿਰਫ਼ ਮੁਸਕਰਾਇਆ। ਨਾਟਕ ਖ਼ਤਮ ਹੋਇਆ। ਤਾੜੀਆਂ ਵੱਜੀਆਂ। ਮਨਜੀਤ ਮੈਨੂੰ ਕਹਿੰਦਾ ਚੱਲ ਨਿਰਦੇਸ਼ਕ ਨੂੰ ਮਿਲਦੇ ਆਂ। ਅਸੀਂ ਨਿਰਦੇਸ਼ਕ ਨੂੰ ਮਿਲੇ। ਮਨਜੀਤ ਨੇ ਕੁਝ ਗੱਲਾਂ ਬਾਤਾਂ ਸ਼ੁਰੂ ਕਰੀਆਂ। ਕਹਿੰਦਾ ਇੱਕ ਸੁਝਾਅ ਹੈ। ਨਿਰਦੇਸ਼ਕ ਕਹਿੰਦਾ ਹਾਂ ਜੀ ਦੱਸੋ। ਮਨਜੀਤ ਕਹਿੰਦਾ ਜਦੋਂ ਪਾਣੀ ਦੇ ਵਿਚ ਉਹ ਕਿਟਾਣੂ ਮਿਲੇ ਤਾਂ ਜਿਵੇਂ ਜਿਵੇਂ ਕੀਟਾਣੂ ਹੱਸ ਰਹੇ ਸਨ ਉਵੇਂ ਉਵੇਂ ਪਾਣੀ ਵੀ ਹੱਸ ਰਿਹਾ ਸੀ। ਇਸ ਨੂੰ ਠੀਕ ਕਰੋ ਕਿ ਕੀਟਾਣੂ ਹੱਸ ਰਹੇ ਹੋਣ ਤੇ ਪਾਣੀ ਰੋ ਰਿਹਾ ਹੋਵੇ। ਨਿਰਦੇਸ਼ਕ ਸੋਚੀਂ ਪੈ ਗਿਆ। ਨਾਲ ਦੀ ਨਾਲ ਮਨਜੀਤ ਨੇ ਇੱਕ ਸੁਝਾਅ ਹੋਰ ਦੇ ਦਿੱਤਾ ਕਿ ਆਖਰ ਦੇ ਵਿੱਚ ਜਦੋਂ ਦਵਾਈ ਪਾ ਕੇ ਪਾਣੀ ਨੂੰ ਸ਼ੁੱਧ ਕੀਤਾ ਜਾ ਰਿਹਾ ਸੀ, ਉਸ ਸਮੇਂ ਕਿਟਾਣੂ ਵੀ ਚੀਕਾਂ ਮਾਰ ਰਹੇ ਸਨ ਤੇ ਪਾਣੀ ਵੀ। ਇਹ ਵੀ ਗਲਤ ਹੈ। ਜਦੋਂ ਪਾਣੀ ਸ਼ੁੱਧ ਹੋ ਰਿਹਾ ਹੈ ਤਾਂ ਕਿਟਾਣੂ ਰੋਣੇ ਚਾਹੀਦੇ ਤੇ ਪਾਣੀ ਹੱਸਣਾ ਚਾਹੀਦਾ ਹੈ ਕਿਉਂਕਿ ਉਹ ਸ਼ੁੱਧ ਹੋ ਰਿਹਾ ਹੈ । ਨਾਟਕ ਤਾਂ ਸਭ ਨੇ ਦੇਖਿਆ ਸੀ ਪਰ ਇਸ ਗਲਤੀ ’ਤੇ ਕਿਸੇ ਨੇ ਗੌਰ ਨਾ ਕੀਤੀ। ਏਹੀ ਮਨਜੀਤ ਦਾ ਕਮਾਲ ਸੀ। ਬਾਦ ਵਿੱਚ ਜਦੋਂ ਅਸੀਂ ਵੀ ਇੱਕ ਨਾਟਕ ਤਿਆਰ ਕਰ ਰਹੇ ਸੀ, ਉਦੋਂ ਵੀ ਉਹ ਹਰ ਚੀਜ਼ ਬੜੀ ਬਰੀਕੀ ਨਾਲ ਦੇਖਦਾ, ਸੁਝਾਅ ਦਿੰਦਾ, ਨਿਰਦੇਸ਼ਕ ਨੂੰ ਸੋਚੀਂ ਪਾਉਂਦਾ ।

ਮਨਜੀਤ ਇਸ ਗੱਲ ’ਤੇ ਬੜਾ ਜ਼ੋਰ ਦਿੰਦਾ ਕਿ ਉਸ ਦੇ ਸਾਰੇ ਸੰਗੀ ਸਾਥੀ ਚੰਗੇ ਬੁਲਾਰੇ, ਚੰਗੇ ਇਨਸਾਨ ਅਤੇ ਚੰਗੇ ਦੋਸਤ ਬਣਨ। ਇਸ ਲਈ ਉਹ ਕਈ ਵਾਰ ਸਾਨੂੰ ਪੰਗੇ ’ਚ ਪਾ ਦਿੰਦਾ । ਇੱਕ ਵਾਰ ਏ.ਆਈ.ਡੀ.ਐਸ.ਓ. ਵੱਲੋਂ ਚੰਡੀਗੜ੍ਹ ਸੈਕਟਰੀਏਟ ਵੱਲ ਹਰਿਆਣਾ ਅਤੇ ਪੰਜਾਬ ਦੇ ਵਿਦਿਆਰਥੀਆਂ ਦਾ ਮਾਰਚ ਸੀ। ਮੀਟਿੰਗ ਹੋਈ, ਡਿਊਟੀਆਂ ਵੰਡੀਆਂ ਗਈਆਂ ਕਿ ਕਿਸ ਨੇ ਕਿਹੜੇ ਸਕੂਲ ਵਿੱਚ ਜਾਣਾ ਹੈ, ਕਿਸ ਨੇ ਕਿਹੜੇ ਕਾਲਜ ਵਿੱਚ ਜਾਣਾ ਹੈ। ਅਸੀਂ ਮਨਜੀਤ ਦੇ ਕੋਲੇ ਹੋ ਕੇ ਬੈਠ ਗਏ ਕਿ ਇਹਦੇ ਨਾਲ ਹੀ ਚਲੇ ਜਾਵਾਂਗੇ। ਬਾਹਰ ਆਉਂਦੇ ਹੀ ਉਸ ਨੇ ਮੈਨੂੰ ਕਿਹਾ ਕਿ ਤੂੰ ਦਾਤੇਵਾਸ ਸਕੂਲ ਜਾਹ। ਮੈਂ ਡਰ ਗਿਆ। ਮੈਂ ਕਿਹਾ ਮੈਂ ਪਹਿਲੀ ਵਾਰ ਕੱਲਾ

ਕਿਵੇਂ ਜਾਵਾਂ। ਉਸ ਨੇ ਇਤਿਹਾਸ ਚੋਂ ਗੱਲਾਂ ਸੁਣਾਈਆਂ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਪਤਾ ਨੀ ਹੋਰ ਕਿਸ ਕਿਸ ਦੀਆਂ ਉਦਾਹਰਨਾਂ ਦਿੱਤੀਆਂ। ਜੋਸ਼ ਭਰ ਕੇ ਮੈਨੂੰ ਦਾਤੇਵਾਸ ਵੱਲ ਤੋਰ ਦਿੱਤਾ। ਪ੍ਰਿੰਸੀਪਲ ਦੇ ਦਫ਼ਤਰ ਤੱਕ ਤਾਂ ਮੇਰਾ ਜੋਸ਼ ਠਾਠਾਂ ਮਾਰਦਾ ਗਿਆ ਪਰ ਜਦੋਂ ਮੂਹਰੇ ਬਾਰਵੀਂ ਜਮਾਤ ਦਾ ਸੌ ਡੇਢ ਸੌ ਮੁੰਡਾ ਬੈਠਾ ਦੇਖਿਆ ਤਾਂ ਮੇਰੀਆਂ ਲੱਤਾਂ ਕੰਬ ਗਈਆਂ। ਹੌਂਸਲਾ ਕਰ ਕੇ ਜਿਵੇਂ ਕਿਵੇਂ ਵਿਦਿਆਰਥੀਆਂ ਨੂੰ ਗੱਲ ਸਮਝਾ ਦਿੱਤੀ। ਪਹਿਲਾ ਇਮਤਿਹਾਨ ਸਫਲ ਰਿਹਾ। ਇਸ ਤਰ੍ਹਾਂ ਉਹ ਅਪਣੇ ਸਾਥੀਆਂ ਦਾ ਵਿਕਾਸ ਕਰਨ ਦੀ ਲਗਾਤਾਰ ਕੋਸ਼ਿਸ਼ ਕਰਦਾ ਸੀ।

ਉਹ ਇੱਕ ਵਧੀਆ ਅਧਿਆਪਕ ਸੀ। ਪਿੰਡ ਦੇ ਸਕੂਲ 'ਚ ਉਹਨੇ ਪ੍ਰਾਈਵੇਟ ਤੌਰ 'ਤੇ ਪੜ੍ਹਾਇਆ। ਵਿਦਿਆਰਥੀ ਜਿੰਨਾ ਉਸ ਤੋਂ ਡਰਦੇ ਸਨ ਓਨੀ ਹੀ ਉਸ ਦੀ ਇੱਜ਼ਤ ਵੀ ਕਰਦੇ ਸਨ। ਉਹਦੇ ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ। ਅੱਜ ਉਹਨਾਂ ਚੋਂ ਕੁੱਝ ਅਧਿਆਪਕ ਹਨ, ਕੋਈ ਪੀ.ਐਚ.ਡੀ. ਕਰ ਰਿਹਾ ਹੈ, ਕਈ ਆਪੋ ਅਪਣੇ ਕੰਮ ਧੰਦੇ। ਉਹਦੇ ਵਿਦਿਆਰਥੀ ਅੱਜ ਵੀ ਉਹਨੂੰ ਬੜੀ ਸ਼ਿੱਦਤ ਨਾਲ ਯਾਦ ਕਰਦੇ ਹਨ।

ਮਨਜੀਤ ਦੇ ਪਿੰਡ ਵਿੱਚ ਹੁੰਦਿਆਂ ਹੀ ਅਸੀਂ ਉਹਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ 'ਤੇ ਪਿੰਡ ਵਿੱਚ ਲਗਾਤਾਰ ਨਾਟਕ ਮੇਲੇ ਕਰਵਾਉਣੇ ਸ਼ੁਰੂ ਕੀਤੇ। ਜਿਸ ਨੇ ਲੋਕਾਂ 'ਚ ਚੇਤਨਤਾ ਫੈਲਾਉਣ ਦੇ ਨਾਲ ਨਾਲ ਬਹੁਤ ਸਾਰੇ ਵਿਦਿਆਰਥੀ ਸਾਡੇ ਨਾਲ ਜੋੜੇ ਤੇ ਉਹ ਸਾਰੇ ਵਿਦਿਆਰਥੀ ਅੱਜਕੱਲ੍ਹ ਕਾਮਯਾਬ ਥਾਵਾਂ 'ਤੇ ਹਨ ।

ਮਨਜੀਤ ਦਾ ਬੇਵਕਤੀ ਤੁਰ ਜਾਣਾ ਬਹੁਤ ਦੁਖਦਾਇਕ ਹੈ। ਮੈਂ ਤਾਂ ਇਹ ਮੰਨਦਾ ਹਾਂ ਕਿ ਸਾਨੂੰ ਜ਼ਿੰਦਗੀ ਜਿਊਣੀ ਸਿਖਾਉਣ ਵਾਲਾ ਮਨਜੀਤ ਹੀ ਸੀ। ਉਹਦੇ ਦੇ ਜਾਣ ਦਾ ਦੁੱਖ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਨੂੰ ਬਿਆਨ ਉਹ ਹੰਝੂ ਹੀ ਕਰਦੇ ਹਨ ਜੋ ਅੱਜ ਵਗ ਤੁਰਦੇ ਨੇ ਜਦ ਵੀ ਮਨਜੀਤ ਦੇ ਪਿੰਡ ਕੋਟੜੇ ਵਿਚਦੀ ਲੰਘਦਾ ਹਾਂ।

ਇੰਦਰਜੀਤ ਜੋਧਾ

# ਹੈਪੀ ਦਾ ਸਾਥ

ਜਦੋਂ ਇਹ ਮੈਨੂੰ ਰਿਸ਼ਤੇ ਲਈ ਦੇਖਣ ਆਏ ਤਾਂ ਰਸਮੀ ਤੌਰ ’ਤੇ ਦੇਖਣ ਤੋਂ ਪਹਿਲਾਂ ਹੀ ਮੈਂ ਇਹਨਾਂ ਨੂੰ ਦੇਖ ਲਿਆ। ਮੈਨੂੰ ਅਜੀਬ ਜਿਹਾ ਝਟਕਾ ਲੱਗਿਆ। ਹੈਪੀ (ਮਨਜੀਤ) ਇੱਕ ਸੋਹਣਾ ਸੁਨੱਖਾ ਪ੍ਰਭਾਵੀ ਦਿੱਖ ਵਾਲਾ ਮੁੰਡਾ ਸੀ। ਮੈਂ ਅਪਣੀ ਭੈਣ ਨੂੰ ਕਿਹਾ ਕਿ ਇਹ ਮੁੰਡਾ ਕਦੇ ਵੀ ਮੈਨੂੰ ਪਸੰਦ ਨਹੀਂ ਕਰ ਸਕਦਾ। ਜੇ ਕਰ ਵੀ ਲਿਆ ਤਾਂ ਬਾਦ ’ਚ ਮੈਨੂੰ ਤੰਗ ਕਰੂਗਾ, ਸੋ ਇਸ ਮੁੰਡੇ ਨਾਲ ਮੇਰਾ ਰਿਸ਼ਤਾ ਨਾ ਕਰੋ ਤੇ ਮੇਰੀ ਜ਼ਿੰਦਗੀ ਨਾ ਖਰਾਬ ਕਰੋ। ਮੈਨੂੰ ਬੜੇ ਧੱਕੇ ਜਹੇ ਨਾਲ ਘਰਦਿਆਂ ਨੇ ਮਨਜੀਤ ਦੇ ਸਾਹਮਣੇ ਬਿਠਾ ਦਿੱਤਾ। ਲਗਭਗ ਇੱਕ ਘੰਟਾ ਗੱਲਬਾਤ ਹੋਈ। ਇਹਨਾਂ ਨੇ ਹਾਂ ਕਰ ਦਿੱਤੀ। ਮੈਨੂੰ ਤਾਂ ਯਕੀਨ ਹੀ ਨਾ ਆਇਆ। ਮੈਂ ਇਹਨਾਂ ਨੂੰ ਕਿਹਾ ਕਿ ਤੁਸੀਂ ਸ਼ਾਇਦ ਗਲਤੀ ਕਰ ਰਹੇ ਹੋ। ਤੁਸੀਂ ਮੈਨੂੰ ਧਿਆਨ ਨਾਲ ਦੇਖ ਲਓ, ਮੇਰਾ ਰੰਗ-ਰੂਪ ਕੱਦ ਵਗੈਰਾ। ਇਹ ਕਹਿੰਦੇ ਮੈਂ ਇਸ ਤਰਾਂ ਦੇ ਵਿਚਾਰਾਂ ਦਾ ਨਹੀਂ ਹਾਂ। ਮੈਨੂੰ ਤੁਹਾਡੇ ਰੰਗ-ਰੂਪ ਜਾਂ ਕੱਦ ਨਾਲ ਕੋਈ ਫਰਕ ਨਹੀਂ ਪੈਂਦਾ। ਮੈਨੂੰ ਵਧੀਆ ਲੱਗੀ ਇਹਨਾਂ ਦੀ ਇਹ ਗੱਲ। ਸਾਡਾ ਰਿਸ਼ਤਾ ਤੈਅ ਹੋ ਗਿਆ। 20 ਮਾਰਚ 2005 ਨੂੰ ਸਾਡਾ ਵਿਆਹ ਹੋਇਆ। ਬਹੁਤ ਸਾਦੇ ਤਰੀਕੇ ਨਾਲ। ਸ਼ਗਨ ਵੀ ਨਹੀਂ ਲਿਆ, ਪਰ ਫੋਟੋਆਂ ਸਭ ਨਾਲ਼ ਖਿਚਵਾਈਆਂ। ਕੋਈ ਦਾਜ ਦਹੇਜ ਨਹੀਂ ਦਿੱਤਾ ਲਿਆ। ਮਨਜੀਤ ਨੂੰ ਇੱਕ ਸੂਟ ਦਿੱਤਾ ਸੀ, ਇਹਨਾਂ ਨੇ ਉਹ ਵੀ ਵਾਪਸ ਕਰ ਦਿੱਤਾ। ਵਿਆਹ ਤੋਂ ਬਾਦ ਮਨਜੀਤ ਨੇ ਮੇਰੇ ਨਾਲ ਬਹੁਤ ਖੁੱਲ੍ਹ ਕੇ ਗੱਲਾਂ ਕੀਤੀਆਂ। ਆਵਦੀ ਜ਼ਿੰਦਗੀ ਬਾਰੇ, ਪਰਿਵਾਰ ਬਾਰੇ। ਕਹਿੰਦੇ ਮੈਂ ਚਾਹੁੰਨਾਂ ਕਿ ਤੈਨੂੰ ਜ਼ਿੰਦਗੀ ’ਚ ਅਜ਼ਾਦੀ ਹੋਵੇ। ਤੂੰ ਮੇਰੀ ਗੁਲਾਮ ਨੀਂ ਬਣਨਾ। ਮੈਂ ਪੁੱਛਿਆ ਗੁਲਾਮ ਕਿਵੇਂ। ਕਹਿੰਦੇ ਗੁਲਾਮ ਦਾ ਮਤਲਬ ਐ ਕਿ ਮੇਰੇ ਅਨੁਸਾਰ ਤੂੰ ਕੱਪੜੇ ਨੀਂ ਪਾਉਣੇ, ਮੇਰੇ ਅਨੁਸਾਰ ਮੇਕਅੱਪ ਨੀਂ ਕਰਨਾ, ਪੇਕੇ ਜਾਣ ਵੇਲੇ ਵੀ ਮੈਨੂੰ ਪੁੱਛਣ ਦੀ ਲੋੜ ਨੀਂ।

ਜਦੋਂ ਮੈਂ ਆਪਣੀ ਪ੍ਰਾਈਵੇਟ ਨੌਕਰੀ ਸ਼ੁਰੂ ਕੀਤੀ ਤਾਂ ਮਨਜੀਤ ਨੇ ਘਰਦਿਆਂ ਨੂੰ ਕਿਹਾ ਕਿ ਆਪਾਂ ਇਹਨੂੰ ਡਿਊਟੀ ਕਰਨ ਦੇਣੀ ਐ ਤੇ ਫਾਲਤੂ ਛੁੱਟੀਆਂ ਨੀਂ ਮਰਵਾਉਣੀਆਂ। ਮੇਰੀ ਸਕੂਲ ਦੀ ਤਨਖਾਹ ਤੇ ਟਿਊਸ਼ਨ ਦੀ ਕਮਾਈ ’ਚੋਂ ਮਨਜੀਤ ਨੇ ਕਦੇ ਵੀ ਪੈਸੇ ਨਹੀਂ ਮੰਗੇ। ਮੈਂ ਆਵਦੇ ਹਿਸਾਬ ਨਾਲ ਖਰਚ ਕਰਦੀ ਸੀ। ਹਾਂ ਘਰ ਦੇ ਕੰਮਾਂ ’ਚ ਮੇਰਾ ਹੱਥ ਵਟਾਉਂਦੇ ਸੀ। ਸਬਜ਼ੀ ਕੱਟਣ ਦੀ ਡਿਊਟੀ ਪੱਕੀ ਇਹਨਾਂ ਦੀ ਹੀ ਸੀ। ਜੇ ਕਦੇ ਕੋਈ ਸਪੈਸ਼ਲ ਪਰੌਂਠੇ ਵਗੈਰਾ ਬਣਾਉਣੇ ਤਾਂ ਸਾਰੇ ਸਟਾਫ ਲਈ ਲੈ ਕੇ ਜਾਣੇ। ਜਦੋਂ ਸਕੂਲ ਤੋਂ ਵਾਪਸ ਆਉਂਦੇ ਤਾਂ ਮੋੜ ਤੋਂ ਹਾਰਨ ਮਾਰਨਾ, ਮੈਂ ਭੱਜ ਕੇ ਗੇਟ

ਖੋਲ੍ਹਣਾ। ਗੱਡੀ ਅੰਦਰ ਕਰਦੇ ਸਮੇਂ ਅਸੀਂ ਦੋਵੇਂ ਮੁਸਕਰਾ ਕੇ ਇੱਕ ਦੂਜੇ ਨੂੰ ਸਨੇਹ ਦਿੰਦੇ। ਲੋਕ ਕਹਿੰਦੇ ਨੇ ਕਿ ਪਤੀ ਦਾ ਪਤਨੀ 'ਤੇ ਰੋਹਬ ਹੁੰਦਾ ਹੈ ਪਰ ਸਾਡੇ ਉਲਟ ਸੀ। ਕਦੇ ਸ਼ਰਾਬ ਪੀਣ 'ਤੇ ਜੇ ਮੈਂ ਲੜ ਪੈਂਦੀ ਤਾਂ ਅੱਗੋਂ ਕੁੱਝ ਨੀਂ ਸੀ ਬੋਲਦੇ, ਮੁਸਕਰਾ ਦਿੰਦੇ। ਨਾ ਕਦੇ ਗਾਲ਼ ਕੱਢੀ, ਨਾ ਕੁੱਟਿਆ ਮਾਰਿਆ। ਮੈਨੂੰ ਕਹਿੰਦੇ ਸੀ ਕਿ ਜਿੰਨਾ ਪਿਆਰ ਮੈਂ ਤੈਨੂੰ ਕਰਦਾਂ, ਐਨਾ ਨਾ ਤਾਂ ਮੈਂ ਕਿਸੇ ਨੂੰ ਕੀਤੈ ਤੇ ਨਾ ਹੀ ਕਰ ਸਕਦਾਂ।

ਜਦੋਂ ਇਹਨਾਂ ਨੇ ਕੋਈ ਕਿਤਾਬ ਪੜ੍ਹਨ ਬੈਠ ਜਾਣਾ ਤਾਂ ਬੱਸ ਕਿਤਾਬ 'ਚ ਹੀ ਖੋ ਜਾਣਾ। ਕਈ ਵਾਰ ਸਵੇਰ ਦੇ ਸੱਤ ਵਜੇ ਤੋਂ ਸ਼ਾਮ ਦੇ ਸੱਤ ਵੱਜ ਜਾਂਦੇ ਤੇ ਇਹ ਕਿਤਾਬ ਹੀ ਪੜ੍ਹ ਰਹੇ ਹੁੰਦੇ। ਹੰਸ ਰਾਜ ਹੰਸ ਦੇ ਗਾਣੇ ਸੁਣਦੇ, ਹੌਲੀ-ਹੌਲੀ ਅਰਾਮ ਨਾਲ ਚੱਲਣ ਵਾਲੇ। ਗੱਡੀ 'ਚ ਕੋਈ ਗ਼ਜ਼ਲ ਚਲਾ ਲੈਣੀ ਤੇ ਅੰਸ਼ (ਬੇਟੇ ਗੁਰਅੰਸ਼) ਨੂੰ ਕਹਿਣਾ ਕਿ ਤੂੰ ਇਹਦੀ ਵਿਆਖਿਆ ਕਰ। ਹਾਲੇ ਬੇਟੇ ਦੀ ਉਮਰ ਓਦੋਂ ਮਸਾਂ ਪੰਜ-ਛੇ ਸਾਲ ਦੀ ਸੀ। ਅੰਸ਼ ਨੂੰ ਹਮੇਸ਼ਾ ਉਤਸ਼ਾਹ ਦਿੰਦੇ ਰਹਿੰਦੇ ਸੀ। ਬੱਚਿਆਂ 'ਚ ਬੱਚੇ ਬਣ ਜਾਂਦੇ ਸੀ। ਰਿਸ਼ਤੇਦਾਰਾਂ ਨਾਲ ਵੀ ਬਹੁਤ ਨਿੱਘੇ ਰਿਸ਼ਤੇ ਬਣਾਏ ਹੋਏ ਸੀ। ਦੋਸਤਾਂ ਦਾ ਘੇਰਾ ਬਹੁਤ ਵੱਡਾ ਸੀ।

ਮੈਨੂੰ ਇਹਨਾਂ ਦੱਸਿਆ ਕਿ ਬਾਰਵੀਂ ਜਮਾਤ ਤੱਕ ਅੰਮ੍ਰਿਤ ਛਕਿਆ ਹੋਇਆ ਸੀ। ਪਾਠੀ ਵੀ ਸਨ। ਆਨੰਦ ਕਾਰਜ ਵੀ ਪੜ੍ਹਦੇ। ਪਿੰਡ ਦੇ ਇੱਕ ਮਾਸਟਰ ਕੋਲ਼ ਟਿਊਸ਼ਨ ਪੜ੍ਹਨ ਦੌਰਾਨ ਹੌਲੀ-ਹੌਲੀ ਵਿਚਾਰ ਬਦਲਣ ਲੱਗੇ। ਫਿਰ ਦਾੜ੍ਹੀ ਕੇਸ ਕਟਵਾ ਦਿੱਤੇ। ਕਾਮਰੇਡ ਬਣ ਗਏ। ਪਾਪਾ ਨਾਲ ਵੀ ਕਈ ਗੱਲਾਂ 'ਤੇ ਬਹਿਸ ਹੁੰਦੀ। ਉਹ ਗੁਰਸਿੱਖ ਸੁਭਾਅ ਦੇ ਸਨ। ਇਹ ਮੰਮੀ-ਪਾਪਾ ਨੂੰ ਧਾਰਮਿਕ ਕਰਮਕਾਂਡਾਂ ਤੋਂ ਰੋਕਦੇ ਸੀ। ਪਰ ਇਹਨਾਂ ਸਭ ਗੱਲਾਂ ਦੇ ਬਾਵਜੂਦ ਇਹ ਕਦੇ-ਕਦੇ ਸ੍ਰੀਨਗਰ ਵਾਲੇ ਇੱਕ ਬਾਬਾ ਜੀ ਦੇ ਕੀਰਤਨ ਸੁਣਦੇ ਸਨ। ਇੱਕ ਦਿਨ ਮੈਂ ਪੁੱਛਿਆ ਕਿ ਤੁਸੀਂ ਕੀਰਤਨ ਕਿਵੇਂ ਸੁਣ ਰਹੇ ਹੋ, ਇਹ ਤਾਂ ਧਾਰਮਿਕ ਹੈ। ਕਹਿੰਦੇ ਤੂੰ ਇਹਦਾ ਰਾਗ ਸੁਣ, ਸੰਗੀਤ ਸੁਣ, ਇਹਦੀ ਲੈਅ ਸੁਣ। ਇਹਦੀ ਧਾਰਮਿਕਤਾ ਨਾ ਦੇਖ।

ਅੰਤ ਵੇਲੇ ਜਦੋਂ ਬੇਹੋਸ਼ ਹੋਏ ਤਾਂ ਕਾਗਜ਼ਾਂ 'ਚੋਂ ਕੁੱਝ ਲੱਭ ਰਹੇ ਸਨ। ਮੇਰੇ ਇਹ ਪੁੱਛਣ 'ਤੇ ਕਿ ਕੀ ਲੱਭਦੇ ਹੋ, ਕਹਿੰਦੇ ਕੁਝ ਨੀਂ ਬੱਸ ਮੇਰਾ ਸਿਰ ਦੁਖ ਰਿਹੈ। ਮੈਂ ਗੋਡੇ 'ਤੇ ਸਿਰ ਰੱਖ ਕੇ ਸਿਰ ਘੁੱਟਣਾ ਸ਼ੁਰੂ ਕਰ ਦਿੱਤਾ। ਮਾਂ ਨੇ ਬਾਬੇ ਤੋਂ ਲਿਆਂਦਾ ਹੋਇਆ ਜਲ ਮੂੰਹ 'ਚ ਪਾਉਣਾ ਚਾਹਿਆ ਤਾਂ ਹੱਥ ਨਾਲ਼ ਚਮਚਾ ਪਰ੍ਹਾਂ ਕਰ ਦਿੱਤਾ। ਉਹਨਾਂ ਨੇ 'ਵਾਹਿਗੁਰੂ' ਬੋਲਣ ਲਈ ਕਿਹਾ ਤਾਂ ਕਹਿੰਦੇ "ਕੋਈ ਵਾਹਿਗੁਰੂ ਨੀ।" ਉਹ ਅੰਤ ਤੱਕ ਨਾਸਤਕ ਹੀ ਰਹੇ।

ਹੈਪੀ ਦਾ ਸਾਥ ਮੈਨੂੰ ਕਦੇ ਨਹੀਂ ਭੁਲਦਾ। ਮੈਂ ਹੁਣ ਜਿਹੜੀ ਜ਼ਿੰਦਗੀ ਜੀ ਰਹੀ ਹਾਂ, ਇਹ ਉਹਨਾਂ ਨਾਲ ਗੁਜ਼ਾਰੇ 12 ਸਾਲਾਂ ਨੂੰ ਯਾਦ ਕਰ ਕੇ ਹੀ ਜੀ ਰਹੀ ਹਾਂ। ਉਹਨਾਂ ਦੀਆਂ ਯਾਦਾਂ ਨੇ ਜ਼ਿੰਦਗੀ ਐਨੀ ਮੁਸ਼ਕਲ ਨਹੀਂ ਲੱਗਣ ਦਿੱਤੀ, ਜਿੰਨੀ ਅਸਲ 'ਚ ਹੈ।

ਸੋਨੀਆ ਰਾਣੀ
(ਪਤਨੀ)

# ਮਨਜੀਤ ਦਾ ਜੀਵਨ ਸੰਘਰਸ਼ : ਇੱਕ ਦਵੰਦਵਾਦੀ ਨਜ਼ਰੀਆ

'ਆਲ ਇੰਡੀਆ ਸੇਵ ਐਜੂਕੇਸ਼ਨ ਕਮੇਟੀ' ਦੀ ਜਿਲ੍ਹਾ ਮਾਨਸਾ ਇਕਾਈ ਵੱਲੋਂ ਮਾਨਸਾ ਦੇ ਇੱਕ ਸਕੂਲ ਵਿੱਚ 'ਰਾਸ਼ਟਰੀ ਸਿੱਖਿਆ ਨੀਤੀ' 'ਤੇ ਵਿਚਾਰ ਚਰਚਾ ਜਥੇਬੰਦ ਕੀਤੀ ਗਈ, ਜਿਸ ਵਿੱਚ ਹੋਰ ਤਬਕਿਆਂ ਤੋਂ ਇਲਾਵਾ ਨਹਿਰੂ ਕਾਲਜ ਮਾਨਸਾ ਦੇ ਵਿਦਿਆਰਥੀ ਵੀ ਸ਼ਾਮਲ ਹੋਏ। ਮੁੱਖ ਬੁਲਾਰੇ ਦੇ ਬੋਲਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਅਪਣੀ ਗੱਲ ਕਰਨ ਦਾ ਮੌਕਾ ਦਿੱਤਾ ਗਿਆ। ਫੇਰ ਮੁੱਖ ਬੁਲਾਰੇ ਦੇ ਬੋਲਣ ਤੋਂ ਬਾਦ ਵੀ ਸਰੋਤਿਆਂ ਨੂੰ ਅਪਣੇ ਸਵਾਲ ਉਠਾਉਣ ਲਈ ਕਿਹਾ ਗਿਆ। ਇਸ ਤਰਾਂ ਇਹ ਚਰਚਾ ਠੋਸ, ਉਸਾਰੂ ਅਤੇ ਦਿਲਚਸਪ ਹੋ ਨਿੱਬੜੀ। ਇਸ ਪ੍ਰੋਗਰਾਮ ਤੋਂ ਮਗਰੋਂ ਜਿਹੜਾ ਵਿਦਿਆਰਥੀ ਉੱਭਰ ਕੇ ਅੱਗੇ ਆਇਆ, ਉਹ ਸੀ ਮਨਜੀਤ ਸਿੰਘ। ਉਸ ਨਾਲ ਬਾਦ ਵਿੱਚ ਜਿਉਂਦੇ ਜਾਗਦੇ ਸਬੰਧ ਸ਼ੁਰੂ ਹੋ ਗਏ। ਇਹ ਉਹਨਾਂ ਵੇਲਿਆਂ ਦੀ ਗੱਲ ਹੈ ਜਦ 2002 ਵਿੱਚ ਕਾਂਗਰਸ ਪਾਰਟੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਵਿੱਚ ਸਰਕਾਰ ਬਣਾ ਚੁੱਕੀ ਸੀ। ਉਸ ਸਮੇਂ ਮੈਂ 'ਪੰਜਾਬ ਐਂਡ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ' ਦਾ ਪੰਜਾਬੀ ਯੂਨੀਵਰਸਿਟੀ ਏਰੀਆ ਸੈਕਟਰੀ ਸਾਂ। ਯੂਨੀਵਰਸਿਟੀ ਵਿੱਚ ਆਉਣ ਜਾਣ ਕਰਕੇ ਸਾਨੂੰ ਪਹਿਲਾਂ ਹੀ ਪਤਾ ਲੱਗ ਗਿਆ ਕਿ ਅਗਲੇ ਸੈਸ਼ਨ ਦੇ ਸ਼ੁਰੂ 'ਚ ਹੀ ਯੂਨੀਵਰਸਿਟੀ ਫੀਸਾਂ-ਫੰਡਾਂ 'ਚ ਭਾਰੀ ਵਾਧਾ ਕਰਨ ਜਾ ਰਹੀ ਹੈ। ਵਿਦਿਆਰਥੀ ਜਥੇਬੰਦੀ ਏ.ਆਈ.ਡੀ.ਐੱਸ.ਓ. ਨੂੰ ਪਹਿਲਾਂ ਹੀ ਕਮਰਕੱਸੇ ਕਰਨ ਲਈ ਸਲਾਹ ਦੇ ਦਿੱਤੀ। ਅਗਲੇ ਸੈਸ਼ਨ ਵਿੱਚ ਐਲਾਨ ਹੁੰਦੇ ਸਾਰ ਹੀ ਏ.ਆਈ.ਡੀ.ਐੱਸ.ਓ. ਨੇ ਫੀਸਾਂ-ਫੰਡਾਂ ਦੇ ਇਸ ਭਾਰੀ ਵਾਧੇ ਖਿਲਾਫ ਡੀਸੀ ਦਫਤਰ ਪਟਿਆਲਾ ਅੱਗੇ ਧਰਨਾ ਸ਼ੁਰੂ ਕਰ ਦਿੱਤਾ, ਜਿਸ ਵਿੱਚ ਹੋਰ ਵਿਦਿਆਰਥੀ ਜਥੇਬੰਦੀਆਂ ਵੀ ਸ਼ਾਮਲ ਹੋ ਗਈਆਂ। ਇਸ ਤਰਾਂ ਇਹ ਘੋਲ਼ ਸਾਂਝੇ ਵਿਦਿਆਰਥੀ ਮੋਰਚੇ ਦੀ ਅਗਵਾਈ ਵਿੱਚ ਸ਼ੁਰੂ ਹੋ ਗਿਆ। ਇਸ ਘੋਲ਼ ਦੌਰਾਨ ਜਿਲ੍ਹਾ ਮਾਨਸਾ ਤੋਂ ਮਨਜੀਤ ਸਿੰਘ, ਜਿਲ੍ਹਾ ਪਟਿਆਲਾ ਤੋਂ ਕਿਰਤਪ੍ਰੀਤ ਸਿੰਘ ਅਤੇ ਜਿਲ੍ਹਾ ਮੁਹਾਲੀ ਤੋਂ ਇੰਦਰ ਸਿੰਘ ਏ.ਆਈ.ਡੀ.ਐੱਸ.ਓ. ਦੇ ਆਗੂ ਵਜੋਂ ਉੱਭਰ ਕੇ ਆਏ ਅਤੇ ਇੰਦਰ ਸਿੰਘ ਨੂੰ ਸੂਬਾ ਕਨਵੀਨਰ ਬਣਾਇਆ ਗਿਆ। ਕੁੱਝ ਛੋਟੇ-ਛੋਟੇ ਐਕਸ਼ਨਾਂ ਤੋਂ ਬਾਦ ਸਾਂਝੇ ਵਿਦਿਆਰਥੀ ਮੋਰਚੇ ਵੱਲੋਂ ਪੰਜਾਬੀ ਯੂਨੀਵਰਸਿਟੀ ਏਰੀਏ ਵਿੱਚ ਆਉਂਦੇ ਜਿਲ੍ਹਿਆਂ ਵਿੱਚ ਇੱਕ ਦਿਨ ਦੇ ਬੰਦ ਦਾ ਸੱਦਾ ਦਿੱਤਾ ਗਿਆ। ਜਿਲ੍ਹਾ ਮਾਨਸਾ ਵਿੱਚ ਸਭ ਤੋਂ ਵੱਧ ਨਾਕੇ ਲਾ ਕੇ ਸਫਲ ਬੰਦ ਕੀਤਾ ਗਿਆ ਜਿੱਥੇ ਚਾਰੇ ਪਾਸੇ ਏ.ਆਈ.ਡੀ.ਐੱਸ.ਓ. ਦਾ ਹੀ ਬੋਲਬਾਲਾ ਸੀ। ਦੂਜਾ ਵੱਡਾ ਐਕਸ਼ਨ ਸੀ ਪਟਿਆਲਾ ਬੱਸ ਅੱਡਾ ਨੇੜਲੇ ਅਰੋੜਾ ਪੈਲੇਸ ਵਿੱਚ ਭਾਰੀ ਵਿਦਿਆਰਥੀ

ਕਾਨਫਰੰਸ, ਜਿਸ ਦੇ ਮਗਰੋਂ ਸ਼ਹਿਰ ਵਿੱਚ ਮਾਰਚ ਕੱਢਿਆ ਗਿਆ ਜੋ ਅਖਬਾਰਾਂ ਦੀ ਸੁਰਖੀ ਬਣਿਆ। ਆਖਰਕਾਰ ਇਸ ਘੋਲ਼ ਦੀ ਐਨੀ ਧਾਕ ਜੰਮ ਗਈ ਕਿ ਕੈਪਟਨ ਅਮਰਿੰਦਰ ਸਿੰਘ ਨੇ ਅਪਣੇ ਗ੍ਰਹਿ ਸਕੱਤਰ ਨੂੰ ਇਹ ਮਸਲਾ ਕਿਸੇ ਨਾ ਕਿਸੇ ਤਰਾਂ ਨਬੇੜਨ ਲਈ ਪਟਿਆਲੇ ਭੇਜ ਦਿੱਤਾ। ਯੂਨੀਵਰਸਿਟੀ ਅਧਿਕਾਰੀਆਂ ਦੀ ਸਾਂਝੇ ਵਿਦਿਆਰਥੀ ਮੋਰਚੇ ਨਾਲ ਹੋਈ ਮੀਟਿੰਗ ਦੇ ਅਖੀਰ ਵਿੱਚ ਗ੍ਰਹਿ ਸਕੱਤਰ ਨੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਫੀਸਾਂ-ਫੰਡਾਂ ਵਿੱਚ ਕੀਤਾ ਵਾਧਾ ਵਾਪਸ ਲੈਣ ਲਈ ਕਹਿ ਦਿੱਤਾ ਅਤੇ ਇਸ ਦੇ ਇਵਜ਼ਾਨੇ ਵਜੋਂ ਪੰਜਾਬ ਸਰਕਾਰ ਨੇ ਯੂਨੀਵਰਸਿਟੀ ਦੀ ਗਰਾਂਟ ਵਧਾ ਦਿੱਤੀ। ਇਸ ਤਰਾਂ ਇਹ ਘੋਲ਼ ਸਫਲ ਹੋ ਨਿੱਬੜਿਆ। ਇਸ ਤੋਂ ਇਲਾਵਾ ਬੱਸ ਪਾਸ ਦੇ ਮਸਲੇ ਨੂੰ ਲੈ ਕੇ ਵੀ ਵਿਦਿਆਰਥੀ ਜਥੇਬੰਦੀਆਂ ਦਾ ਬੱਸ ਮਾਲਕਾਂ ਨਾਲ ਟਕਰਾਅ ਚਲਦਾ ਰਹਿੰਦਾ ਸੀ। ਜਿਲ੍ਹਾ ਅਧਿਕਾਰੀਆਂ ਨਾਲ ਸਾਂਝੀ ਮੀਟਿੰਗ ਵਿੱਚ ਵਿਦਿਆਰਥੀ ਜਥੇਬੰਦੀਆਂ ਹੀ ਭਾਰੂ ਰਹਿੰਦੀਆਂ ਸਨ।

ਕੋਈ ਵੀ ਘੋਲ਼ ਜਿਵੇਂ ਸਾਨੂੰ ਸਤਹੀ ਪੱਧਰ ’ਤੇ ਨਜ਼ਰ ਆਉਂਦਾ ਹੈ, ਮਹਿਜ਼ ਆਰਥਿਕ ਘੋਲ਼ ਨਹੀਂ ਹੁੰਦਾ। ਬਲਕਿ ਉਸ ਦੀਆਂ ਤੰਦਾਂ ਪੂਰੇ ਸਿਸਟਮ ਨਾਲ਼ ਜੁੜੀਆਂ ਹੁੰਦੀਆਂ ਹਨ ਅਤੇ ਪੂਰੇ ਸਿਸਟਮ ਦੇ ਵਰਤਾਰੇ ਪ੍ਰਤੀ ਵਿਦਿਆਰਥੀ ਆਪ ਮੁਹਾਰੇ ਚੇਤਨ ਨਹੀਂ ਹੁੰਦੇ ਬਲਕਿ ਚੇਤਨ ਕਰਨ ਲਈ ‘ਸਕੂਲ ਆਫ ਪਾਲਿਟਿਕਸ’ ਦਾ ਲਗਾਤਾਰ ਪ੍ਰਵਾਹ ਚਲਦਾ ਰਹਿੰਦਾ ਹੈ। ਸੋਸ਼ਲਿਸ਼ਟ ਯੂਨਿਟੀ ਸੈਂਟਰ ਆਫ ਇੰਡੀਆ (ਕਮਿਊਨਿਸਟ) ਦੇ ਮੋਢੀ ਜਨਰਲ ਸਕੱਤਰ ਅਤੇ ਇਸ ਯੁੱਗ ਦੇ ਅਦੁੱਤੀ ਮਾਰਕਸਵਾਦੀ ਚਿੰਤਕ ਕਾਮਰੇਡ ਸ਼ਿਵਦਾਸ ਘੋਸ਼ ਨੇ ਜੀਵਨ ਦੇ ਸਾਰੇ ਪਹਿਲੂਆਂ ਸਣੇ ਗਿਆਨ ਸ਼ਾਸਤਰ (Epistemology) ਨੂੰ ਘੇਰੇ ਵਿੱਚ ਰਖਦੇ ਹੋਏ, ਇਸ ਦੇ ਖਜ਼ਾਨੇ ਨੂੰ ਹੋਰ ਭਰਪੂਰ ਕਰਦੇ ਹੋਏ, ਇਸ ਦੀ ਵੇਰਵੇ ਸਹਿਤ ਵਿਆਖਿਆ ਨੂੰ ਹੋਰ ਉਘਾੜਦੇ ਹੋਏ ਅਤੇ ਕਮਿਊਨਿਜ਼ਮ ਦਾ ਉੱਤਮ ਸ਼ਾਨਦਾਰ ਝੰਡਾ ਬੁਲੰਦ ਕਰਦੇ ਹੋਏ ਇੱਕ ਜ਼ੋਰਦਾਰ ਡੂੰਘੇ ਸਮਾਜਵਾਦੀ-ਵਿਚਾਰਧਾਰਕ ਸੰਘਰਸ਼ ਦੀ ਸੁੰਦਰ ਉਦਾਹਰਨ ਪੇਸ਼ ਕੀਤੀ। ਭਾਵ ਜੀਵਨ ਸੰਘਰਸ਼ ਦੇ ਬਹੁਪੱਖੀ ਆਯਾਮ ਹੁੰਦੇ ਹਨ ਜਾਂ ਕਹਿ ਲਓ ਬਹੁਪੱਖੀ ਪਸਾਰਾ ਹੁੰਦਾ ਹੈ। ਕਾਮਰੇਡ ਘੋਸ਼ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਸੀ ਕਿ ਜੀਵਨ ਦੀਆਂ ਜਿੰਨ੍ਹਾਂ ਗੱਲਾਂ ਨੂੰ ਅਸੀਂ ਨਿੱਜੀ ਜਾਂ ਗੁਪਤ ਕਰਾਰ ਦਿੰਦੇ ਹਾਂ, ਉਹ ਵੀ ਇਸ ਸੰਘਰਸ਼ ਦੇ ਘੇਰੇ ਵਿੱਚ ਆਉਂਦੀਆਂ ਹਨ। ਕਾਮਰੇਡ ਘੋਸ਼ ਅਨੁਸਾਰ ਜਦੋਂ ਕੋਈ ਤਬਦੀਲੀ ਹੁੰਦੀ ਹੈ ਤਾਂ ਉਸ ‘ਤੇ ਬਾਹਰਲਾ ਦਵੰਦ (ਵਿਰੋਧਤਾਈ) ਭਾਵੇਂ ਕਿੰਨਾ ਵੀ ਅਸਰ ਪਾਵੇ, ਬਾਹਰੋਂ ਕੀਤੀ ਪਹਿਲਕਦਮੀ ਭਾਵੇਂ ਕਿੰਨੀ ਵੀ ਅਹਿਮ ਹੋਵੇ ਤਾਂ ਵੀ ਤਬਦੀਲੀ ਦਾ ਮੁੱਖ ਕਾਰਨ ਅੰਦਰਲਾ ਦਵੰਦ ਹੀ ਹੁੰਦਾ ਹੈ। ਇਸੇ ਤਰਾਂ ਕਿਸੇ ਆਗੂ ਲਈ ਨਵੀਆਂ ਤੋਂ ਨਵੀਆਂ ਬੁਲੰਦੀਆਂ ਛੂਹਣ ਲਈ ਇਹ ਨਿਹਾਇਤ ਜ਼ਰੂਰੀ ਹੈ ਕਿ ਉਹ ਅਪਣੇ ਅੰਦਰਲੇ ਦਵੰਦ ਨੂੰ ਪਰਿਪੱਕ ਕਰਨ ਲਈ ਜੀਵਨ ਵਿੱਚ ਲਗਾਤਾਰ ਸੰਘਰਸ਼ ਜਾਰੀ ਰੱਖੇ।

ਮੁੱਢਲੇ ਦੌਰ ਵਿੱਚ ਮਨਜੀਤ ਨੇ ਕੁੱਝ ਹੱਦ ਤੱਕ ਅਪਣੇ ਆਪ ਨਾਲ ਸੰਘਰਸ਼ ਕੀਤਾ ਵੀ ਤੇ ਸਫਲਤਾ ਵੀ ਹਾਸਲ ਹੋਈ। ਪਰ ਸ਼ਰਾਬ ਦੀ ਆਦਤ ਜਦੋਂ ਤੋਂ ਉਸ ’ਤੇ

ਭਾਰੂ ਹੁੰਦੀ ਗਈ ਤਾਂ ਉਸ ਦਾ ਅਪਣੇ ਆਪ ਨਾਲ ਸੰਘਰਸ਼ ਵੀ ਕਮਜ਼ੋਰ ਪੈਂਦਾ ਗਿਆ। ਏ.ਆਈ.ਡੀ.ਐੱਸ.ਓ. ਵੱਲੋਂ ਵਿਦਿਆਰਥੀਆਂ ਨੂੰ ਚੇਤਨ ਕਰਨ ਲਈ ਲਾਏ ਗਏ ਤਿੰਨ 'ਸਕੂਲ ਆਫ ਪੋਲਿਟਿਕਸ' ਜੋ ਸੋਨੀਪਤ, ਰੇਵਾੜੀ ਤੇ ਘਾਟਸ਼ਿਲਾ (ਝਾਰਖੰਡ) ਵਿਖੇ ਲੱਗੇ, ਜਿੰਨ੍ਹਾਂ ਵਿੱਚ ਉਹ ਸ਼ਾਮਲ ਤਾਂ ਹੋਇਆ ਪਰ ਉਹਨਾਂ ਦਾ ਲਾਹਾ ਨਾ ਖੱਟ ਸਕਿਆ ਬਲਕਿ ਗਲਤ ਪ੍ਰਭਾਵ ਛੱਡ ਕੇ ਆਇਆ।

ਮੇਰੇ ਨੌਜਵਾਨਾਂ ਨਾਲ਼ ਖਾਸ ਤੌਰ 'ਤੇ ਮਨਜੀਤ ਨਾਲ ਸਬੰਧ ਤਰਕ ਅਧਾਰਤ ਹੀ ਨਹੀਂ ਬਲਕਿ ਜਜ਼ਬਾਤ ਭਰਪੂਰ ਰਹੇ ਹਨ। ਸਾਡੀ ਪੂਰੀ ਕੋਸ਼ਿਸ਼ ਦੇ ਬਾਵਜੂਦ ਮਨਜੀਤ ਅਪਣੀ ਅੰਦਰਲੀ ਵਿਰੋਧਤਾਈ ਨੂੰ ਤਿੱਖੀ ਕਰਨ ਦੀ ਪ੍ਰਕਿਰਿਆ ਦੇ ਜਰੀਏ ਸਰਮਾਏਦਾਰੀ ਸਿਸਟਮ ਵੱਲੋਂ ਪੈਦਾ ਕੀਤੇ ਮਾਹੌਲ ਵਿੱਚ ਸਮਾਜ ਵਿੱਚ ਵਧ ਫੁੱਲ ਰਹੀਆਂ ਅਲਾਮਤਾਂ ਦੀ ਘੁੰਮਣਘੇਰੀ ਵਿੱਚੋਂ ਨਿੱਕਲ ਨਹੀਂ ਸਕਿਆ। ਮੈਂ ਇਹ ਵੀ ਕੋਸ਼ਿਸ਼ ਕੀਤੀ ਕਿ ਉਹ ਘੱਟ ਤੋਂ ਘੱਟ ਅਪਣੀਆਂ ਸਾਹਿਤਕ ਕਿਰਤਾਂ ਵਿੱਚ ਝਲਕਦੀਆਂ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿੱਚ ਵਸਾਉਣ ਲਈ ਸਵੈ-ਸੰਘਰਸ਼ ਕਰੇ, ਪਰ ਸਫਲ ਨਾ ਹੋ ਸਕਿਆ। ਇਸ ਪਿਛੋਕੜ ਵਿੱਚ ਹੀ ਮਨਜੀਤ ਦੀ ਬਿਮਾਰੀ ਅਤੇ ਇਸ ਪ੍ਰਤੀ ਉਸ ਦੇ ਗ਼ੈਰ-ਗੰਭੀਰ ਵਤੀਰੇ ਨੇ ਆਖਰਕਾਰ ਉਸ ਦੀ ਜਾਨ ਲੈ ਲਈ।

ਅਮਿੰਦਰਪਾਲ ਸਿੰਘ
ਪਟਿਆਲਾ

# ਸੰਘਰਸ਼ੀ ਯੋਧਾ

ਬੇਰੁਜ਼ਗਾਰਾਂ ਤੋਂ ਸੰਘਰਸ਼ ਕਰਦੇ ਹੋਏ ਅਸੀਂ ਪੰਚਾਇਤੀ ਰਾਜ ਅਧੀਨ ਜਿਲ੍ਹਾ ਪ੍ਰੀਸ਼ਦਾਂ ਵਿੱਚ ਅਧਿਆਪਕ ਭਰਤੀ ਹੋ ਚੁੱਕੇ ਸਾਂ। ਹੁਣ ਸੰਘਰਸ਼ ਪੱਕੇ ਹੋਣ ਦਾ ਸੀ। ਇਸ ਮਿਸ਼ਨ ਦੀ ਕਾਮਯਾਬੀ ਲਈ ਬਹੁਤ ਲੰਬਾ ਸੰਘਰਸ਼ ਲੜਿਆ। ਸੈਂਕੜੇ ਧਰਨੇ, ਮੁਜ਼ਾਹਰੇ, ਰੈਲੀਆਂ ਕੀਤੀਆਂ। ਤਿੱਖੇ ਐਕਸ਼ਨ ਵੀ ਹੋਏ। ਇਹਨਾਂ ਸਾਰਿਆਂ ਦਾ ਜ਼ਿਕਰ ਤਾਂ ਨਹੀਂ ਕੀਤਾ ਜਾ ਸਕਦਾ ਪਰ ਇੱਕ ਐਕਸ਼ਨ ਦਾ ਜ਼ਿਕਰ ਕਰਨਾ ਲਾਜ਼ਮੀ ਹੈ ਜੋ ਸਾਡੇ ਮਾਨਸਾ ਵਾਲੇ ਸਾਥੀਆਂ ਨੇ ਕੀਤਾ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਬੁਢਲਾਡੇ ਫਲਾਈਓਵਰ ਪੁਲ਼ ਦਾ ਉਦਘਾਟਨ ਕਰਨਾ ਸੀ। ਕਿਸੇ ਅਧਿਆਪਕ ਨੇ ਅਖ਼ਬਾਰ ’ਚ ਖ਼ਬਰ ਲਵਾ ਦਿੱਤੀ ਕਿ ਈ.ਟੀ.ਟੀ. ਯੂਨੀਅਨ ਉਪ ਮੁੱਖ ਮੰਤਰੀ ਤੋਂ ਪਹਿਲਾਂ ਪੁਲ਼ ਦਾ ਉਦਘਾਟਨ ਕਰੇਗੀ। ਇਹ ਜਥੇਬੰਦੀ ਦਾ ਫੈਸਲਾ ਤਾਂ ਨਹੀਂ ਸੀ ਪਰ ਖ਼ਬਰ ਤਾਂ ਲੱਗ ਚੁੱਕੀ ਸੀ। ਜਥੇਬੰਦੀ ਦੀ ਮਾਨਸਾ ਜਿਲ੍ਹਾ ਕਮੇਟੀ ਨੇ ਇਹ ਕਰ ਦਿਖਾਉਣ ਦੀ ਜਿੰਮੇਵਾਰੀ ਚੁੱਕ ਲਈ। ਪੁਲਿਸ ਦੁਆਰਾ ਫੜੋ ਫੜੀ ਸ਼ੁਰੂ ਹੋ ਗਈ। ਜਿਲ੍ਹੇ ਦੇ ਆਗੂਆਂ ਦੇ ਘਰ ਛਾਪੇ ਵੱਜਣ ਲੱਗੇ। ਸਮੂਹ ਆਗੂ ਮਨਜੀਤ ਦੇ ਇੱਕ ਸਬੰਧੀ ਦੀ ਸੰਸਥਾ ਵਿੱਚ ਸਮਾਓਂ ਕੱਠੇ ਹੋ ਗਏ। ਰਾਤ ਦੇ ਬਾਰਾਂ ਵੱਜ ਚੁੱਕੇ ਸਨ। ਅਗਲੇ ਦਿਨ ਸੁਖਬੀਰ ਬਾਦਲ ਨੇ ਪੁਲ਼ ਦਾ ਉਦਘਾਟਨ ਕਰਨਾ ਸੀ। ਅੱਧੀ ਰਾਤ ਨੂੰ ਫੈਸਲਾ ਹੋਇਆ ਕਿ ਜਥੇਬੰਦੀ ਵੱਲੋਂ ਹੁਣੇ ਪੁਲ਼ ਦਾ ਉਦਘਾਟਨ ਕੀਤਾ ਜਾਵੇ। ਮਨਜੀਤ ਨੇ ਆਵਦੀ ਕਾਰ ਬਾਹਰ ਕੱਢ ਲਈ। ਅਧਿਆਪਕ ਆਗੂ ਰਾਤ ਦੇ ਬਾਰਾਂ ਵਜੇ ਪੁਲ਼ ਦਾ ਉਦਘਾਟਨ ਕਰਨ ਨਿਕਲ ਪਏ। ਬੁਢਲਾਡੇ ਤੋਂ ਵੀ ਕੁੱਝ ਸਾਥੀਆਂ ਨੂੰ ਫੋਨ ਕਰ ਕੇ ਬੁਲਾ ਲਿਆ। ਪ੍ਰੈੱਸ ਨੂੰ ਵੀ ਫੋਨ ਕਰ ਕੇ ਸੱਦਾ ਦੇ ਦਿੱਤਾ। ਪੁਲਿਸ ਪਲ-ਪਲ ਦੀ ਸੂਹ ਰੱਖ ਰਹੀ ਸੀ। ਡੀਐਸਪੀ ਖੁਦ ਸਿਵਲ ਕੱਪੜਿਆਂ ’ਚ ਪੁਲ਼ ’ਤੇ ਹਾਜ਼ਰ ਸੀ। ਸਾਥੀ ਪੁਲ਼ ਦਾ ਉਦਘਾਟਨ ਕਰਨ ’ਚ ਤਾਂ ਕਾਮਯਾਬ ਹੋ ਗਏ ਪਰ ਪੁਲਿਸ ਨੇ ਡਾਂਗਾਂ ਦਾ ਮੀਂਹ ਵਰ੍ਹਾ ਦਿੱਤਾ। ਕੁੱਝ ਸਾਥੀ ਫੜੇ ਗਏ ਤੇ ਕੁੱਝ ਭੱਜਣ ’ਚ ਸਫਲ ਹੋ ਗਏ। ਪੁਲਿਸ ਨੇ ਕੇਸ ਦਰਜ ਕੀਤਾ ਜੋ ਅੱਜ ਵੀ ਚੱਲ ਰਿਹਾ ਹੈ। ਮਨਜੀਤ ਦੀ ਗੱਡੀ ਪੁਲਿਸ ਨੇ ਬੁਰੀ ਤਰਾਂ ਭੰਨ ਦਿੱਤੀ। ਅਗਲੇ ਦਿਨ ਅਖ਼ਬਾਰ ’ਚ ਖ਼ਬਰ ਛਪੀ ਕਿ ਈ.ਟੀ.ਟੀ. ਯੂਨੀਅਨ ਨੇ ਸੁਖਬੀਰ ਬਾਦਲ ਤੋਂ ਪਹਿਲਾਂ ਹੀ ਪੁਲ਼ ਦਾ ਉਦਘਾਟਨ ਕੀਤਾ। ਮਨਜੀਤ ਖੁਸ਼ ਸੀ।

ਸਮਾਂ ਲੰਘਦਾ ਗਿਆ। ਸੰਘਰਸ਼ ਚਲਦਾ ਰਿਹਾ। ਇੱਕ ਸਮਾਂ ਆਇਆ ਕਿ ਜਥੇਬੰਦੀ ਦੇ ਦੋ ਧੜੇ ਬਣ ਗਏ। ਇੱਕ ਧੜਾ ਪੰਚਾਇਤੀ ਰਾਜ ਵਿੱਚ ਹੀ ਈ.ਟੀ.ਟੀ. ਕਾਡਰ ਨੂੰ ਪੱਕਾ ਕਰਵਾਉਣਾ ਚਾਹੁੰਦਾ ਸੀ। ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਉਹ ਧੜਾ ਪੱਕੇ ਤੌਰ ’ਤੇ ਸਿੱਖਿਆ ਵਿਭਾਗ ਨਾਲੋਂ ਅਲੱਗ ਪੰਚਾਇਤੀ ਰਾਜ ਅਧੀਨ

ਹੀ ਡੀ.ਈ.ਓ. , ਡੀ.ਪੀ.ਆਈ. ਪੱਧਰ ਦੀਆਂ ਪੋਸਟਾਂ ਪੱਕੀਆਂ ਕਰਾਉਣ ਵਿੱਚ ਸਫਲ ਵੀ ਹੋ ਗਿਆ ਸੀ। ਦੂਜਾ ਧੜਾ ਸਾਡਾ ਸੀ ਜਿਸ ਦਾ ਮੰਨਣਾ ਸੀ ਕਿ ਜਦੋਂ ਤੱਕ ਸਿੱਖਿਆ ਵਿਭਾਗ 'ਚ ਆਪਣਾ ਕਾਡਰ ਮਰਜ ਨਹੀਂ ਹੁੰਦਾ, ਉਦੋਂ ਤੱਕ ਜਿੱਤ ਅਧੂਰੀ ਹੈ। ਸ਼ੁਰੂ 'ਚ ਮਨਜੀਤ ਕੋਟੜਾ ਪਹਿਲੇ ਧੜੇ 'ਚ ਸਰਗਰਮ ਸੀ। ਪਰ ਜਦੋਂ ਅਸੀਂ ਅਪਣੇ ਪ੍ਰੋਗਰਾਮਾਂ ਵਿੱਚ ਅਧਿਆਪਕਾਂ ਨੂੰ ਪੰਚਾਇਤੀ ਰਾਜ ਵਿੱਚ ਪੱਕੇ ਹੋਣ ਦੇ ਨੁਕਸਾਨ ਤੇ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਕਰਾਉਂਦੇ ਅਤੇ ਸਿੱਖਿਆ ਵਿਭਾਗ ਵਿੱਚ ਮਰਜ ਹੋ ਕੇ ਪੱਕੇ ਮੁਲਾਜ਼ਮ ਬਣਨ ਲਈ ਤਕਰੀਰਾਂ ਕਰਦੇ ਤਾਂ ਇੱਕ ਦਿਨ ਮਾਨਸਾ ਜਿਲ੍ਹੇ ਦਾ ਉਹ ਧੜਾ ਮਨਜੀਤ ਕੋਟੜੇ ਸਮੇਤ ਅਪਣੀ ਸੂਬਾਈ ਧਿਰ ਤੋਂ ਗੈਰ-ਸਰਗਰਮ ਹੋ ਗਿਆ। ਸਾਲ 2010 ਵਿੱਚ ਮਨਜੀਤ ਮੈਨੂੰ ਮਾਨਸਾ ਕਿਸੇ ਕਿਸਾਨੀ ਧਰਨੇ 'ਤੇ ਮਿਲਿਆ। ਉਹ ਨਿਰਾਸ਼ ਲੱਗ ਰਿਹਾ ਸੀ। ਉਹ ਮੇਰੇ ਨਾਂਹ-ਨਾਂਹ ਕਰਨ 'ਤੇ ਵੀ ਮੈਨੂੰ ਇੱਕ ਰੇਹੜੀ 'ਤੇ ਚਾਹ ਪਿਆਉਣ ਲੈ ਗਿਆ। ਉਹਦੇ ਅੰਦਰ ਜੋ ਪੁੱਛਣ ਦੀ ਕਾਹਲ ਸੀ, ਉਹਦੀ ਜ਼ੁਬਾਨ 'ਤੇ ਆ ਹੀ ਗਈ। ਉਹਨੇ ਪੁੱਛਿਆ, "ਤੁਸੀਂ ਪੱਕਾ ਸਿੱਖਿਆ ਵਿਭਾਗ ਵਿੱਚ ਵਾਪਸੀ ਖਾਤਰ ਲੜੋਗੇ?" ਮੈਂ ਕਿਹਾ, "ਹਾਂ, ਆਪਣੀ ਜਿੱਤ ਹੀ ਸਿੱਖਿਆ ਵਿਭਾਗ ਵਿੱਚ ਵਾਪਸੀ ਹੈ। ਇਸ ਤੋਂ ਉਰ੍ਹਾਂ ਕੁੱਝ ਵੀ ਮਨਜ਼ੂਰ ਨਹੀਂ।" ਉਹਦੇ ਚਿਹਰੇ 'ਤੇ ਮੁਸਕਰਾਹਟ ਆਉਣ ਲੱਗੀ। ਅਖੀਰ 'ਚ ਉਹਨੇ ਕਿਹਾ ਕਿ ਮੈਂ ਮਾਨਸਾ 'ਚ ਅਧਿਆਪਕਾਂ ਨੂੰ ਲਾਮਬੰਦ ਕਰਾਂਗਾ, ਪੂਰਾ ਜ਼ੋਰ ਲਾਵਾਂਗਾ। ਪਰ ਆਪਾਂ ਸਿੱਖਿਆ ਵਿਭਾਗ 'ਚ ਮਰਜ ਹੋਣ ਤੋਂ ਉਰ੍ਹਾਂ ਕੋਈ ਸਮਝੌਤਾ ਨੀਂ ਕਰਨਾ। ਮਨਜੀਤ ਦੀਆਂ ਅੱਖਾਂ 'ਚ ਸੰਘਰਸ਼ੀ ਚਿਣਗ ਬਲਣ ਲੱਗੀ। ਬੱਸ ਫੇਰ ਕੀ ਸੀ, ਉਹਦੇ ਮੈਨੂੰ ਰੋਜ਼ ਫੋਨ ਆਉਣ ਲੱਗੇ। ਅੱਜ ਆਹ ਬਲਾਕ ਕਾਇਮ ਕਰ ਲਿਆ, ਅੱਜ ਆਹ ਕਰ ਲਿਆ। ਉਹ ਕਦੇ ਵੀ ਘਰੇਂ ਟਿਕ ਕੇ ਨਾ ਬੈਠਿਆ। ਸਾਰਾ ਦਿਨ ਅਧਿਆਪਕਾਂ ਦੀ ਲਾਮਬੰਦੀ ਕਰਦਾ ਰਹਿੰਦਾ। ਮਾਨਸਾ ਦੇ ਬਾਲ ਭਵਨ 'ਚ ਸਾਡੀ ਪਹਿਲੀ ਕਨਵੈਨਸ਼ਨ ਹੋਈ। ਉਹਨੇ ਤੇ ਉਹਦੇ ਸਾਥੀਆਂ ਨੇ ਸਾਰਾ ਹਾਲ ਭਰ ਦਿੱਤਾ। ਉਹ ਬਹੁਤ ਖੁਸ਼ ਸੀ।

ਕੁੱਝ ਵਕਫੇ ਮਗਰੋਂ ਅਸੀਂ ਪੰਜਾਬ ਦਾ ਵੱਡਾ ਇਕੱਠ ਬਠਿੰਡੇ ਰੱਖਿਆ। ਰੈਲੀ ਤੋਂ ਬਾਦ ਫਲਾਈਓਵਰ 'ਤੇ ਜਾਮ ਲਾ ਦਿੱਤਾ। ਲਾਠੀਚਾਰਜ ਦਾ ਮਹੌਲ ਬਣਨ ਲੱਗਿਆ। ਮਨਜੀਤ ਮੇਰੇ ਕੋਲ ਆ ਕੇ ਕਹਿੰਦਾ ਕਿ ਭਾਵੇਂ ਪੁਲਿਸ ਲਾਠੀਚਾਰਜ ਕਰੇ ਭਾਵੇਂ ਜੇਲ੍ਹ 'ਚ ਸੁੱਟੇ, ਆਪਾਂ ਡਰਨ ਵਾਲੇ ਨਹੀਂ। ਪ੍ਰਸ਼ਾਸ਼ਨ ਤੇ ਅੰਦੋਲਨਕਾਰੀਆਂ 'ਚ ਤਣਾ-ਤਣੀ ਹੋਣ ਲੱਗੀ। ਅਖੀਰ ਭਾਰੀ ਲਾਠੀਚਾਰਜ ਹੋਣ ਲੱਗਿਆ। ਮਨਜੀਤ 'ਤੇ ਪੁਲਿਸ ਦੀਆਂ ਡਾਂਗਾਂ ਵਰ੍ਹ ਰਹੀਆਂ ਸਨ ਤਾਂ ਮੈਂ ਪੁਲਿਸ ਨੂੰ ਝਕਾਨੀ ਦੇ ਕੇ ਉਹਨੂੰ ਬਾਹਰ ਕੱਢ ਲਿਆਇਆ। ਮੈਂ ਉਹਨੂੰ ਕਿਹਾ ਕਿ ਤੂੰ ਗ੍ਰਿਫਤਾਰ ਨੀਂ ਹੋਣਾ। ਜੇ ਤੂੰ ਵੀ ਜੇਲ੍ਹ ਚਲਾ ਗਿਆ ਤਾਂ ਬਾਹਰ ਲਾਮਬੰਦੀ ਕੌਣ ਕਰੇਗਾ। ਉਹ ਜੇਲ੍ਹ ਜਾਣ ਲਈ ਤਿਆਰ ਸੀ ਪਰ ਮੇਰੇ ਸਮਝਾਉਣ 'ਤੇ ਮੇਰੇ ਨਾਲ ਸਹਿਮਤ ਹੋ ਗਿਆ। ਸਾਨੂੰ ਸਾਰੀ ਸੂਬਾ ਕਮੇਟੀ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਮਨਜੀਤ ਸਾਨੂੰ ਮਿਲਣ ਆਉਂਦਾ, ਕੁੱਝ ਨਾ ਕੁੱਝ ਖਾਣ ਲਈ ਵੀ ਲਿਆਉਂਦਾ, ਦਿਲਾਸੇ ਦਿੰਦਾ। ਆਖਦਾ, ਬੱਸ ਪ੍ਰਧਾਨ

ਜੀ ਅਸੀਂ ਤੁਹਾਨੂੰ ਛੇਤੀ ਰਿਹਾਅ ਕਰਵਾ ਰਹੇ ਹਾਂ। ਉਹਨੇ ਸਾਥੀਆਂ ਦੇ ਸਹਿਯੋਗ ਨਾਲ ਪਿੰਡ-ਪਿੰਡ ਜਾ ਕੇ ਅਧਿਆਪਕਾਂ, ਕਿਸਾਨਾਂ, ਮਜ਼ਦੂਰਾਂ ਦੀ ਲਾਮਬੰਦੀ ਕਰ ਕੇ ਬਠਿੰਡੇ ਵੱਡੀ ਰੈਲੀ ਰੱਖ ਦਿੱਤੀ। ਆਖਰ ਅਸੀਂ ਬਿਨਾਂ ਕਿਸੇ ਸ਼ਰਤ ਤੋਂ ਬੜੇ ਫ਼ਖ਼ਰ ਨਾਲ ਰਿਹਾਅ ਹੋਏ।

ਕੁੱਝ ਵਕਫੇ ਬਾਦ ਮਨਜੀਤ ਦੇ ਘਰਦਿਆਂ ਦਾ ਮੈਨੂੰ ਫੋਨ ਆਇਆ ਕਿ ਬਾਈ ਜੀ ਸਾਡੇ ਘਰ ਆ ਕੇ ਜਾਇਓ। ਮੈਂ ਘਰ ਚਲਾ ਗਿਆ। ਘਰਦਿਆਂ ਨੇ ਦੱਸਿਆ ਕਿ ਮਨਜੀਤ ਨੂੰ ਕਾਲਾ ਪੀਲੀਆ ਹੈ। ਇਸ ਬਿਮਾਰੀ ਨੂੰ ਠੀਕ ਕਰਨ ਲਈ ਕੁੱਝ ਪਰਹੇਜ਼ ਜ਼ਰੂਰੀ ਹਨ। ਮਨਜੀਤ ਪਰਹੇਜ਼ ਨਹੀਂ ਰੱਖਦਾ। ਮੇਰੇ ਸਮਝਾਉਣ ਤੇ ਉਹਨੇ ਵਾਹਦਾ ਕੀਤਾ ਕਿ ਅੱਗੇ ਤੋਂ ਕੋਈ ਸ਼ਿਕਾਇਤ ਨਹੀਂ ਆਵੇਗੀ। ਮੈਂ ਖੁਸ਼ ਹੋ ਕੇ ਵਾਪਸ ਪਰਤਿਆ। ਕੁੱਝ ਦਿਨਾਂ ਬਾਦ ਮੈਨੂੰ ਰਿਪੋਰਟ ਦਿਖਾ ਕੇ ਕਹਿੰਦਾ ਕਿ ਦੇਸੀ ਦਵਾਈ ਨਾਲ ਮੇਰਾ ਜਿਗਰ ਹੁਣ ਬਿਲਕੁਲ ਠੀਕ ਹੈ, ਪੀਲੀਏ ਦੀ ਰਿਪੋਰਟ ਨਿੱਲ ਹੈ। ਅਜੇ ਬਹੁਤਾ ਸਮਾਂ ਨਹੀਂ ਲੰਘਿਆ ਸੀ ਕਿ ਬਹੁਤ ਦੁਖਦ ਖ਼ਬਰ ਨੇ ਸੁੱਕਣੇ ਪਾ ਦਿੱਤਾ। ਮਨਜੀਤ ਦੁਨੀਆਂ ’ਤੇ ਨਹੀਂ ਰਿਹਾ ਸੀ।

ਮਨਜੀਤ, ਤੂੰ ਜਿਉਂਦੇ ਜੀਅ ਲੋਕਾਂ ਲਈ ਜੋ ਕਮਾਈਆਂ ਕਰ ਕੇ ਗਿਆ, ਉਹਨਾਂ ਦਾ ਕੋਈ ਮੁੱਲ ਹੀ ਨਹੀਂ। ਤੇਰੇ ਬਿਨਾਂ ਅਸੀਂ ਬਹੁਤ ਇਕੱਲੇ, ਛੋਟੇ, ਨਾ ਜਿਉਣ ਜੋਗੇ ਹਾਂ। ਸਾਡੇ ਸੁਪਨੇ ਤੈਨੂੰ ਉਡੀਕਦੇ ਹਨ। ਤੂੰ ਅੱਜ ਵੀ ਸਾਡੇ ਦਿਲਾਂ ’ਚ ਧੜਕਦਾ ਹੈਂ।

ਜਗਸੀਰ ਸਹੋਤਾ
(ਅਧਿਆਪਕ ਆਗੂ)

# ਸਾਥੀ ਤੇਰੇ ਸੁਪਨੇ ਅਜੇ ਅਧੂਰੇ ਹਨ

ਸਾਥੀ ਮਨਜੀਤ ਕੋਟੜਾ ਨਾਲ ਪਹਿਲੀਆਂ ਮੁਲਾਕਾਤਾਂ ਨਹਿਰੂ ਮੈਮੋਰੀਅਲ ਕਾਲਜ ਵਿਖੇ ਵਿਦਿਆਰਥੀਆਂ ਦੇ ਮੁਫਤ ਬੱਸ ਪਾਸ ਅੰਦੋਲਨ ਸਮੇਂ ਹੋਈਆਂ। ਉਸ ਸਮੇਂ ਪੰਜਾਬ ਸਰਕਾਰ ਵਲੋਂ ਜਾਰੀ ਬੱਸ ਪਾਸ ਦੀ ਸਹੂਲਤ ਪ੍ਰਾਈਵੇਟ ਬੱਸਾਂ ਵਾਲੇ ਮੰਨਣ ਤੋਂ ਇਨਕਾਰੀ ਹੋ ਗਏ ਸਨ ਤੇ ਉਹਨਾਂ ਨੇ ਪ੍ਰਾਈਵੇਟ ਬੱਸ ਪਾਸ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਸਮੇਂ ਤੱਕ ਮਾਨਸਾ ਦੇ ਜ਼ਿਆਦਾਤਰ ਵਿਦਿਆਰਥੀ ਕਾਲਜ/ਸਕੂਲ ਦੇ ਅਡੈਂਟੀਕਾਰਡ 'ਤੇ ਹੀ ਮੁਫਤ ਸਫ਼ਰ ਕਰਦੇ ਸਨ। ਇਸ ਅੰਦੋਲਨ ਨੇ ਪਿੰਡਾਂ ਦੇ ਆਮ ਘਰਾਂ ਵਿੱਚੋਂ ਆ ਰਹੇ ਵਿਦਿਆਰਥੀਆਂ ਲਈ ਕਾਫੀ ਵੱਡੀ ਲੜਾਈ ਲੜੀ ਕਿਉਂਕਿ ਇਹਨਾਂ ਲਈ ਬੱਸ ਪਾਸ ਸਮੇਤ ਹੋਰ ਪੜ੍ਹਾਈ ਦੇ ਖਰਚ ਕਰਨੇ ਬਹੁਤ ਮੁਸ਼ਕਲ ਸਨ। ਭਾਵੇਂ ਇਹ ਸਾਰੇ ਮਸਲੇ ਅੱਜ ਹੋਰ ਵੀ ਭਿਆਨਕ ਰੂਪ ਵਿੱਚ ਸਾਡੇ ਸਾਹਮਣੇ ਖੜ੍ਹੇ ਹਨ।

ਉਸ ਸਮੇਂ ਸਾਡੇ ਸਾਰੇ ਸਾਥੀਆਂ ਵਿੱਚ ਸਮਾਜ ਨੂੰ ਸਮਝਣ ਲਈ ਆਮ ਹੀ ਵਿਚਾਰ ਚਰਚੇ ਚਲਦੇ ਰਹਿੰਦੇ ਸਨ ਕਿ ਆਖਰ ਸਮਾਜ ਇਸ ਤਰਾਂ ਦਾ ਕਿਉਂ ਹੈ। ਕਿਉਂ ਇੱਕ ਆਮ ਇਨਸਾਨ ਨੂੰ ਰੋਟੀ ਖਾਣੀ ਵੀ ਨਸੀਬ ਨਹੀਂ ਹੁੰਦੀ ਤੇ ਦੂਸਰੇ ਪਾਸੇ ਦੌਲਤ ਦੇ ਅੰਬਾਰ ਲੱਗ ਰਹੇ ਹਨ। ਉਹਨਾਂ ਵੇਲਿਆਂ 'ਚ ਇਹੋ ਜਿਹੀਆਂ ਚਰਚਾਵਾਂ ਕਾਲਜਾਂ-ਯੂਨੀਵਰਸਿਟੀਆਂ ਵਿੱਚ ਅੱਜ ਦੇ ਮੁਕਾਬਲੇ ਜ਼ਿਆਦਾ ਚਲਦੀਆਂ ਸਨ। ਉਸ ਸਮੇਂ ਸਾਡਾ ਸਾਥੀ ਮਨਜੀਤ ਹੀ ਸੀ ਜੋ ਇਸ ਗੱਲ ਨੂੰ ਸਮਝ ਰਿਹਾ ਸੀ ਕਿ ਵੱਖ-ਵੱਖ ਖੱਬੀਆਂ ਧਿਰਾਂ ਆਪਸ ਵਿੱਚ ਕਿਵੇਂ ਉਲਝੀਆਂ ਹੋਈਆਂ ਹਨ।ਉਹ ਕਹਿੰਦਾ ਸੀ ਕਿ ਕਿਵੇਂ ਇਹ ਲਾਲ ਫਰੇਰਾ ਚੁੱਕ ਕੇ ਮਜ਼ਦੂਰਾਂ-ਕਿਸਾਨਾਂ ਨਾਲ ਗਦਾਰੀਆਂ ਕਰ ਰਹੇ ਹਨ। ਸਾਡੇ ਵਿੱਚੋਂ ਮਨਜੀਤ ਹੀ ਸੀ ਜੋ ਇਹ ਸਮਝ ਸਕਿਆ ਕਿ ਭਾਰਤੀ ਸਮਾਜ 1947 ਤੋਂ ਹੀ ਪੂੰਜੀਵਾਦੀ ਸਟੇਟ ਵਿੱਚ ਤਬਦੀਲ ਹੋ ਚੁੱਕਾ ਹੈ ਤੇ ਪੂੰਜੀਵਾਦੀ ਮੁਲਕ ਵਿੱਚ ਇਨਕਲਾਬ ਦੀ ਲੜਾਈ ਲੜਨ ਦੇ ਤਰੀਕੇ ਕੀ ਹੋ ਸਕਦੇ ਹਨ। ਉਹ ਕਹਿੰਦਾ ਸੀ ਭਾਰਤੀ ਪੂੰਜੀਵਾਦੀ ਸਟੇਟ ਹੁਣ ਸਾਮਰਾਜੀ ਰੂਪ ਅਖਤਿਆਰ ਕਰ ਗਈ ਹੈ ਤੇ ਇਸ ਨਾਲ ਲੜਾਈ ਕਿਵੇਂ ਲੜਨੀ ਹੈ, ਇਹ ਇਸ ਦੇਸ ਦੇ ਇਮਾਨਦਾਰ ਲੋਕਾਂ ਨੂੰ ਸੋਚਣਾ ਚਾਹੀਦਾ ਹੈ।

ਇਹ ਉਹ ਸਮਾਂ ਸੀ ਜਦੋਂ ਮਨਜੀਤ ਵਿਚਾਰਧਾਰਕ ਤੌਰ 'ਤੇ ਸਿਖਰਾਂ ਵੱਲ ਜਾ ਰਿਹਾ ਸੀ ਤੇ ਸਾਨੂੰ ਸਭ ਨੂੰ ਪ੍ਰਭਾਵਿਤ ਹੀ ਨਹੀਂ ਕਰਦਾ ਸੀ ਸਗੋਂ ਆਪਣੀ ਗੱਲ ਸਮਝਾਉਣ ਵਿੱਚ ਕਾਮਯਾਬ ਵੀ ਹੁੰਦਾ ਸੀ।

ਫਿਰ ਅਸੀਂ ਇਕੱਠਿਆਂ ਬੀ.ਐੱਡ. ਕੀਤੀ। ਉਹ ਉੱਥੇ ਵੀ ਹਰ ਸਮੇਂ ਹਰ ਲੈਕਚਰ ਵਿੱਚ ਆਪਣੀ ਗੱਲ ਬਹੁਤ ਭਾਵਪੂਰਤ ਤਰੀਕੇ ਨਾਲ ਰੱਖਦਾ ਤੇ ਸਮੇਤ ਲੈਕਚਰਾਰਾਂ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ। ਉਸ ਸਮੇਂ ਤਾਂ ਇਹ ਮਹੌਲ ਬਣ ਗਿਆ ਸੀ ਕਿ ਕਾਲਜ ਵਾਲੇ ਸੋਚਣ ਲੱਗ ਗਏ ਸਨ ਕਿ ਮਨਜੀਤ ਹੁਰਾਂ ਵਾਲਾ ਗਰੁੱਪ

ਕਾਲਜ ਨਾ ਹੀ ਆਵੇ ਕਿਉਂਕਿ ਉਸਨੇ ਕੋਈ ਨਾ ਕੋਈ ਗੱਲ ਕਹਿ ਕੇ ਸਿਲੇਬਸ ਦੀ ਪੜ੍ਹਾਈ ਤੋਂ ਪਰੇ ਕਰ ਦੇਣਾ ਹੁੰਦਾ ਸੀ। ਉਹਨਾਂ ਦੇ ਇਹ ਗੱਲ ਹਜ਼ਮ ਨਹੀਂ ਹੁੰਦੀ ਸੀ।

ਬੇਸ਼ੱਕ ਉਸ ਦਾ ਅੰਤ ਚੰਗਾ ਨਹੀਂ ਰਿਹਾ ਪਰ ਮਨਜੀਤ ਜਾਣ ਤੋਂ ਬਾਦ ਵੀ ਸਾਡੇ ਸਾਰਿਆਂ ਦੇ ਸਿਰ ਇੱਕ ਵੱਡਾ ਸਵਾਲ ਛੱਡ ਗਿਆ। ਸਵਾਲ ਨਹੀਂ ਸਾਇਦ ਇੱਕ ਉਲਾਂਭਾ ਸਾਡੇ ਸਾਰਿਆਂ ਸਿਰ ਮੜ੍ਹ ਗਿਆ। ਜਦੋਂ ਕਦੇ ਅਸੀਂ ਮਿਲਦੇ ਤਾਂ ਉਹ ਅਕਸਰ ਕਿਹਾ ਕਰਦਾ ਸੀ ਕਿ ਗੁਰਦੀਪ ਆਪਾਂ ਪੂਰੀ ਜ਼ਿੰਦਗੀ ਸਮਾਜ ਲਈ ਕੰਮ ਕਰਨਾ ਭਾਵ ਆਪਾਂ ਕੁਲਵਕਤੀ ਬਣਨਾ। ਉਸ ਸਮੇਤ ਸਾਡੇ ਹੋਰ ਕਈ ਸਾਥੀਆਂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਕੁਲਵਕਤੀ ਬਣ ਕੇ ਕੰਮ ਕੀਤਾ ਜਾਵੇ ਪਰ ਅਸੀਂ ਸਫਲ ਨਹੀਂ ਹੋਏ। ਸ਼ਾਇਦ ਸਾਨੂੰ ਯੋਗ ਅਗਵਾਈ ਨਹੀਂ ਮਿਲੀ। ਉਸ ਸਮੇਂ ਕਿੰਨੇ ਸਾਥੀ ਸਨ ਜਿਹੜੇ ਘਰ ਪਰਿਵਾਰ ਛੱਡ ਕੇ ਖੱਬੀ ਵਿਚਾਰਧਾਰਾ ਲਈ ਕੰਮ ਕਰਨਾ ਲੋਚਦੇ ਸਨ।

ਮੈਂ ਸਮਝਦਾਂ ਇਹ ਦੁਖਾਂਤ ਅੱਜ ਵੀ ਜਾਰੀ ਹੈ ਕਿ ਮਨਜੀਤ ਸਮੇਤ ਕਿੰਨੇ ਸਾਥੀ ਜੋ ਸਮਾਜ ਲਈ ਕੁਝ ਕਰਨਾ ਚਾਹੁੰਦੇ ਹਨ, ਆਖਰ ਉਹ ਕਿਉਂ ਅਜਿਹੇ ਰਾਹਾਂ 'ਤੇ ਪੈ ਜਾਂਦੇ ਹਨ ਕਿ ਉਹ ਖ਼ੁਦ ਅਪਣੀ ਜ਼ਿੰਦਗੀ ਪ੍ਰਤੀ ਵੀ ਗ਼ੈਰ-ਗੰਭੀਰ ਵਤੀਰਾ ਅਪਣਾ ਲੈਂਦੇ ਹਨ। ਇਹ ਸਵਾਲ ਅੱਜ ਵੀ ਉੱਥੇ ਦਾ ਉੱਥੇ ਖੜ੍ਹਾ ਹੈ ।

ਇਸ ਸਵਾਲ 'ਤੇ ਚਿੰਤਨ ਹੀ ਮਨਜੀਤ ਨੂੰ ਸੱਚਾ ਸਲਾਮ ਹੋਵੇਗਾ।

ਗੁਰਦੀਪ ਬਹਿਣੀਵਾਲ
(ਦੋਸਤ)

# ਮਨਜੀਤ ਦੀ ਰਚਨਾਕਾਰੀ

ਮਨਜੀਤ ਸਾਹਿਤ ਨੂੰ ਅਜਿਹੇ ਹਥਿਆਰ ਵਜੋਂ ਲੈਂਦਾ ਸੀ ਜਿਸ ਦਾ ਕੰਮ ਲੋਕਾਂ ਨੂੰ ਜਾਗਰਤ ਕਰਨਾ, ਇਨਕਲਾਬ ਲਈ ਚੇਤਨਾ ਫੈਲਾਉਣਾ ਹੈ। ਸਾਹਿਤਕਾਰੀ ਕਰਦਾ ਉਹ ਸਮਾਜ ਦੇ ਕੋਝ ਤੋਂ ਪਰਦਾ ਚੱਕਦਾ ਹੈ ਤਾਂ ਕਿ ਲੋਕ ਇਸ ਕੋਝ ਨੂੰ ਨਫ਼ਰਤ ਕਰਨ ਤੇ ਇਹਦੇ ਖ਼ਿਲਾਫ਼ ਲਾਮਬੰਦ ਹੋਣ। ਅਜਿਹਾ ਉਹ ਪੂਰੀ ਸ਼ਿੱਦਤ ਨਾਲ ਕਰਦਾ ਹੈ, ਜਜ਼ਬਾਤੀ ਰੌਂਅ 'ਚ ਕਰਦਾ ਹੈ। ਕਈ ਥਾਵਾਂ 'ਤੇ ਲਗਦਾ ਹੈ ਕਿ ਉਹ ਸਾਹਿਤਕ ਸੁਹਜ ਤੋਂ ਦੂਰ ਚਲਾ ਗਿਆ ਹੈ। ਪਰ ਕੋਝ ਤੋਂ ਪਰਦਾ ਚੱਕਦਿਆਂ ਕੋਈ ਕਿੰਨਾ ਕੁ ਸੁਹਜ ਬਣਾਈ ਰੱਖ ਸਕਦਾ ਹੈ? ਇਹ ਸਾਡੇ ਸਾਹਮਣੇ ਸਵਾਲ ਹੈ। ਉਹ ਅਕਸਰ ਕਹਿੰਦਾ ਸੀ ਕਿ ਸ਼ਾਇਰੀ ਅਜਿਹੀ ਹੋਵੇ ਜੋ ਧਰਨਿਆਂ ਮੁਜ਼ਾਹਰਿਆਂ 'ਚ ਬੋਲੀ ਜਾ ਸਕਦੀ ਹੋਵੇ। ਬਹੁਤੇ ਵਲ਼-ਫੇਰ ਪਾਉਣੇ ਉਹਨੂੰ ਪਸੰਦ ਨਹੀਂ ਸਨ। ਉਹਦੀ ਸ਼ਾਇਰੀ 'ਚ ਮਾਨਵਤਾ ਲਈ ਅਥਾਹ ਪਿਆਰ ਹੈ ਤੇ ਇਸ ਦੇ ਦੋਖੀਆਂ ਲਈ ਬੇਇੰਤਹਾ ਨਫ਼ਰਤ। ਉਹਦੀ ਰਚਨਾ ਪੂੰਜੀਵਾਦੀ ਸਿਸਟਮ ਨੂੰ ਸਿੱਧੇ ਮੱਥੇ ਟੱਕਰਦੀ ਹੋਈ ਕਈ ਥਾਂ ਸਪਾਟ ਵੀ ਹੋ ਜਾਂਦੀ ਹੈ, ਕਈ ਥਾਂ ਲਾਊਡ ਵੀ। ਉਹਨੂੰ ਖ਼ੁਦ ਨੂੰ ਵੀ ਇਸ ਗੱਲ ਦਾ ਪਤਾ ਸੀ। ਉਹ ਇਸੇ ਤਰਾਂ ਹੀ ਲਿਖਣਾ ਚਾਹੁੰਦਾ ਸੀ। ਉਹਨੇ ਖ਼ੂਬਸੂਰਤ ਰਚਨਾਵਾਂ ਵੀ ਲਿਖੀਆਂ, ਔਸਤਨ ਵੀ, ਸਧਾਰਨ ਵੀ। 'ਕਮਲਿਆ ਸ਼ਾਇਰਾ' ਰਚਨਾ ਉਹਨੇ ਗੁਰਬਖ਼ਸ਼ ਸ਼ੌਂਕੀ ਦੀ ਅਵਾਜ਼ 'ਚ ਰਿਕਾਰਡ ਕਰਵਾਈ ਜੋ 'ਗੱਲ ਦਿਲ 'ਤੇ' ਟਾਈਟਲ ਹੇਠ ਯੂਟਿਊਬ 'ਤੇ ਸੁਣੀ ਜਾ ਸਕਦੀ ਹੈ।

ਉਹਦੀਆਂ ਰਚਨਾਵਾਂ ਨੂੰ ਸੰਵਾਰਨ ਸਮੇਂ ਮੈਂ ਓਨੀ ਖੁੱਲ੍ਹ ਨਹੀਂ ਲੈ ਸਕਿਆ, ਜਿੰਨੀ ਉਹਦੇ ਹੁੰਦੇ ਲੈ ਸਕਦਾ ਸੀ। ਵਾਹ ਲਗਦਿਆਂ ਸਭ ਰਚਨਾਵਾਂ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੋਈ ਵੀ ਪੂਰੀ ਰਚਨਾ ਪੁਸਤਕ ਤੋਂ ਬਾਹਰ ਨਹੀਂ ਰੱਖੀ ਗਈ। ਘੱਟ ਤੋਂ ਘੱਟ ਅਤੇ ਬਹੁਤ ਜ਼ਰੂਰੀ ਥਾਵਾਂ 'ਤੇ ਹੀ ਸੋਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੋ-ਚਾਰ ਅਧੂਰੀਆਂ ਰਚਨਾਵਾਂ ਅਤੇ ਕੁੱਝ ਸ਼ੇਅਰ ਹੀ ਛੱਡੇ ਗਏ ਹਨ। ਉਹਨੂੰ ਖ਼ੁਦ ਤਾਂ ਰਚਨਾਵਾਂ ਸੰਵਾਰਨ ਦਾ ਮੌਕਾ ਹੀ ਨਹੀਂ ਮਿਲਿਆ। ਜਿਵੇਂ ਉਹਨੇ ਲਿਖਿਆ, ਓਵੇਂ ਤੁਹਾਡੇ ਸਾਹਮਣੇ ਹੈ। ਉਹਦੇ ਸ਼ਬਦਾਂ ਨੇ ਹਜੇ ਗੱਭਰੂ ਹੋਣਾ ਸੀ, ਕੌਡੀ ਖੇਡਣੀ ਸੀ, ਧਮਾਲਾਂ ਪਾਉਣੀਆਂ ਸਨ, ਬੱਲੇ-ਬੱਲੇ ਕਰਾਉਣੀ ਸੀ। ਇਹਨਾਂ ਸ਼ਬਦਾਂ ਨੂੰ ਕਬੱਡੀ ਖੇਡਣ ਦੀ ਉਮਰੇ ਕਬੱਡੀ ਦੇਖਣੀ ਪੈ ਗਈ ਹੈ। ਉਹਨੇ ਸ਼ਾਇਰ ਤਾਂ ਹਜੇ ਬਣਨਾ ਸੀ।

–ਸੰਪਾਦਕ

ਦੋ ਪਲ ਦੀ ਹੈ ਜ਼ਿੰਦਗੀ, ਮੌਤ ਹਜ਼ਾਰਾਂ ਸਾਲ

ਕਿਉਂ ਨਾ ਜਾਵੇ ਸੁਲਝਿਆ, ਸਮੇਂ ਦੀਆਂ ਤਾਰਾਂ ਨਾਲ

## ਦੌੜ ਵਿਚ ਹੁੰਦਿਆਂ

ਦੌੜ ਵਿਚ ਹੁੰਦਿਆਂ ਵੀ ਜਿਨ੍ਹਾਂ ਦੀ ਕੋਈ ਮੰਜ਼ਿਲ ਨਹੀਂ
ਇਸ ਤਰਾਂ ਦੇ ਰਾਹੀਆਂ ਵਿੱਚ ਯਾਰੋ ਮੈਂ ਸ਼ਾਮਿਲ ਨਹੀਂ

ਕੁੱਝ ਬੁੱਤ ਇਸ ਤਰ੍ਹਾਂ ਦੇ ਲੱਗ ਗਏ ਨੇ ਸ਼ਹਿਰ ਅੰਦਰ
ਕਤਲ ਵੀ ਦੇਖਦੇ ਨੇ, ਆਖਦੇ ਨੇ ਕੋਈ ਕਾਤਿਲ ਨਹੀਂ

ਮੇਰੇ ਮਹਿਰਮ ਰਸਤੇ ਹੀ ਬਣਾਉਂਦੇ ਰਹੇ ਉਮਰ ਸਾਰੀ
ਪੁਲ਼ ਉਸਾਰਨ ਦੀ ਕਦੇ ਉਹਨਾਂ ਨੇ ਕੀਤੀ ਗੱਲ ਨਹੀਂ

ਕੀ ਕਹਾਂ ਉਨ੍ਹਾਂ ਦੇ ਉੱਚੀ ਕੂਕਣ ਦੇ ਮਸੀਹੀ ਅੰਦਾਜ਼ ਨੂੰ
ਸਲੀਬਾਂ ’ਤੇ ਚੜ੍ਹ ਕੇ ਹੱਸਣੇ ਦਾ ਜੇ ਆਇਆ ਵੱਲ ਨਹੀਂ

ਜਿਸ ਪੰਖੇਰੂ ਦੇ ਜ਼ਹਿਨ ਵਿੱਚ ਤਾਂਘ ਨਹੀਂ ਪਰਵਾਜ਼ ਦੀ
ਪਿੰਜਰੇ ਬਿਨ ਉਸ ਦੀ ਜਿੰਦ ਦਾ ਕੁੱਝ ਵੀ ਹਾਸਿਲ ਨਹੀਂ।

## ਅਸੀਂ ਫਿਰ ਮੁੜ ਆਏ ਹਾਂ

ਅਸੀਂ ਫਿਰ ਮੁੜ ਆਏ ਹਾਂ ਐ ਜ਼ਿੰਦਗੀ ਤੇਰੇ ਕਲਾਵੇ
ਸਾਜ਼ ਕੋਈ ਐਸਾ ਵਜਾ ਕਿ ਰੂਹ ਤਾਈਂ ਉਤਰ ਜਾਵੇ

ਸ਼ੀਸ਼ੇ ਨਾਲ ਮਿਲਾ ਦੇ, ਸਾਨੂੰ ਆਪਣਾ ਆਪ ਦਿਖਾ ਦੇ
ਹੁਣ ਕੋਈ ਤਪਦੀ ਰੇਤ ਨਾ ਨਦੀ ਦਾ ਭੁਲੇਖਾ ਪਾਵੇ

ਸਾਡੇ ਸਾਹਵੇਂ ਹੀ ਤਾਂ ਫਿਜ਼ਾ ਵਿੱਚ ਜ਼ਹਿਰ ਘੁਲ਼ਿਆ
ਧਰਤ ਦੇ ਅਪਮਾਨ ਦਾ ਦੋਸ਼ ਫਿਰ ਸਾਡੇ ਸਿਰ ਕਿਉਂ ਨਾ ਆਵੇ

ਖੋਭ ਕੇ ਹਿੱਕਾਂ 'ਚ ਖ਼ੰਜਰ, ਲਾਸ਼ਾਂ ਨਦੀ ਵਿੱਚ ਰੋੜ੍ਹ ਕੇ
ਡਾਢਾ ਡੁੱਬ ਕੇ ਮਰ ਜਾਣ ਦੀ ਖ਼ਬਰ ਨਸ਼ਰ ਕਰਾਵੇ।

ਨਦੀ ਦੇ ਕਿਨਾਰੇ ਨਾ ਬੁਝੇ ਜੋ, ਐਸੀ ਇਹ ਪਿਆਸ ਹੈ
ਸਾਨੂੰ ਤਾਂ ਮਹਿਬੂਬ ਦੀ ਬੁੱਕਲ 'ਚ ਵੀ ਨਾ ਚੈਨ ਆਵੇ।

## ਹਾਸ਼ੀਏ ’ਤੇ ਚਲੇ ਗਏ

ਡਾਢਿਆਂ ਦੇ ਸਿਤਮ, ਮਜ਼ਲੂਮਾਂ ਦੀ ਵਫ਼ਾ ਲਿਖ ਰਿਹਾ ਹਾਂ
ਹਾਸ਼ੀਏ ’ਤੇ ਚਲੇ ਗਏ ਲੋਕਾਂ ਦੀ ਕਥਾ ਲਿਖ ਰਿਹਾ ਹਾਂ

ਚੰਨ ਤਾਰਿਆਂ ਦੀਆਂ ਬਾਤਾਂ ਪਾਉਂਦੇ ਰਹੇ ਜੋ ਉਮਰ ਭਰ
ਉਨ੍ਹਾਂ ਸੂਰਜਾਂ ਦੀ ਬੇਬਸੀ ਦੀ ਸ਼ੋਖ ਅਦਾ ਲਿਖ ਰਿਹਾ ਹਾਂ

ਜ਼ੰਜੀਰਾਂ ਦੇ ਟੁੱਟਣ ਤੋਂ ਜੋ ਹੋ ਗਏ ਨੇ ਖੌਫ਼ਜ਼ਦਾ
ਉਹਨਾਂ ਦੇ ਸਿਰ ਉੱਤੇ ਖੜ੍ਹੀ ਬੇਖੌਫ਼ ਕਜ਼ਾ ਲਿਖ ਰਿਹਾ ਹਾਂ

ਸ਼ੋਖ ਅਦਾਵਾਂ ਤੋਂ ਕਦੇ ਵਿਹਲ ਮਿਲੀ ਜੇ ਫੇਰਾ ਪਾ ਜਾਇਓ
ਸੁਲਘਦੇ ਜੰਗਲ ਤਪਦੇ ਥਲ ਦਾ ਪਤਾ ਲਿਖ ਰਿਹਾ ਹਾਂ

ਹੁਕਮਰਾਨਾਂ ਦੀ ਮੱਕਾਰੀ ਮਰਜੀਵੜਿਆਂ ਦੀ ਲਲਕਾਰ
ਸ਼ਾਜ਼ਿਸ ਨੂੰ ਸ਼ਾਜ਼ਿਸ ਹਾਦਸੇ ਨੂੰ ਹਾਦਸਾ ਲਿਖ ਰਿਹਾ ਹਾਂ

ਉਹ ਸ਼ੀਸ਼ੇ ਦੇ ਮਹਿਲਾਂ ’ਚ ਬਣਾਉਂਦੇ ਨੇ ਰੋਲਣ ਦੀ ਯੋਜਨਾ
ਮੈਂ ਕੁੱਲੀਆਂ ’ਚ ਰਹਿ ਕੇ ਚਮਕਣ ਦੀ ਕਥਾ ਲਿਖ ਰਿਹਾ ਹਾਂ

ਕਿੰਨਾ ਸੀ ਬੁਜ਼ਦਿਲ ਉਹ ਜੋ ਮੇਰੇ ਲਈ ਮਰ ਗਿਆ ਹੈ
ਜਿਉਂ ਨਹੀਂ ਸਕਿਆ, ਇਹੋ ਉਸ ਦੀ ਖ਼ਤਾ ਲਿਖ ਰਿਹਾ ਹਾਂ

ਤੇਰੇ ਬਿਨ ਵੀ ਤਾਂ ਗੁਜ਼ਰ ਗਈ ਹੈ ਮੇਰੀ ਇਹ ਜ਼ਿੰਦਗੀ
ਪਹਿਲੀ ਮਿਲਣੀ ਨੂੰ ਮਹਿਜ਼ ਇੱਕ ਹਾਦਸਾ ਲਿਖ ਰਿਹਾ ਹਾਂ।

# ਇੱਕ ਰੁੱਤ ਸੀ ਬਦਲੀ

ਇੱਕ ਰੁੱਤ ਸੀ ਬਦਲੀ, ਹਰ ਇੱਕ ਨਜ਼ਾਰਾ ਬਦਲ ਗਿਆ
ਤੇਰੀ ਨਜ਼ਰ ਕੀ ਬਦਲੀ ਕਿ ਆਲਮ ਸਾਰਾ ਬਦਲ ਗਿਆ

ਕੀ ਕੁਝ ਮਿਟ ਗਿਆ ਸੀ ਯਾਰੋ ਓਥੇ ਬੰਦੇ ਦੀ ਧੌਣ ਨਾਲ,
ਰੂਹ ਦਾ ਸਾਥੀ, ਪਲ ਵਿੱਚ ਯਾਰ ਪਿਆਰਾ ਬਦਲ ਗਿਆ

ਉਮਰਾਂ ਦੇ ਸਾਥ ਦਾ ਵਾਹਦਾ, ਛੱਡ ਫੋਕੇ ਧਰਵਾਸ ਨੂੰ
ਤੇਰੀ ਕਿਸ਼ਤੀ ਸੀ ਬਦਲੀ, ਸਾਡਾ ਕਿਨਾਰਾ ਬਦਲ ਗਿਆ

ਹੈ ਫਿਜ਼ਾ ਇਹ ਐਸੀ ਕਿ ਹੁਣ ਤਾਂ ਬੰਸਰੀ ਵੀ ਖ਼ਾਮੋਸ਼ ਹੈ
ਕੈਸੀ ਹੈ ਹਵਾ ਦੀ ਸਾਜ਼ਿਸ ਕਿ ਸਾਜ਼ ਨਿਆਰਾ ਬਦਲ ਗਿਆ

ਭੁੱਖੇ ਰਾਂਝੇ ਸੰਗ ਹੀਰ ਨੂੰ ਇਸ਼ਕ ਦਾ ਕੋਈ ਚਾਅ ਨਾ ਰਿਹਾ
ਬਦਲੇ ਝੰਗ ਸਿਆਲ਼ ਤੇ ਤਖ਼ਤ ਹਜ਼ਾਰਾ ਬਦਲ ਗਿਆ

ਲੱਖ ਛਣਕਾਵੀਂ ਝਾਂਜਰਾਂ, ਦਿਲ ਵਿੱਚ ਹੀ ਕਸਕ ਨਾ ਰਹੀ
ਹੈ ਬੁਝ ਗਈ ਪਿਆਸ, ਸੰਜੋਗ ਦਾ ਸਿਤਾਰਾ ਬਦਲ ਗਿਆ।

## ਤੇਰੀ ਹਸਤੀ

ਤੇਰੀ ਹਸਤੀ ਹਰ ਇਸ਼ਾਰੇ ਪਿੱਛੇ ਸ਼ੈਅ ਕੋਈ ਹੋਰ ਹੈ
ਨੱਚੀ ਜਾ ਕਠਪੁਤਲੀਏ ਤੇਰੀ ਬਿਗਾਨੇ ਹੱਥ ਡੋਰ ਹੈ

ਇਹ ਵੀ ਵਹਿਮ ਹੈ ਤੇਰਾ ਕਿ ਤੂੰ ਥੰਮ ਦਿੱਤੇ ਨੇ ਤੁਫਾਨ
ਕੰਬੀਆਂ ਜੋ ਨੀਹਾਂ ਇਹ ਮੇਰੇ ਲਫਜ਼ਾਂ ਦਾ ਜ਼ੋਰ ਹੈ

ਅਸਾਂ ਖੋਲ੍ਹਣ ਲਈ ਜ਼ੁਬਾਨ ਨਾ ਕਿਸੇ ਦੀ ਇਜਾਜ਼ਤ ਚਾਹੀ
ਮੂੰਹ 'ਤੇ ਹਰ ਸਚਾਈ ਕਹਿਤੀ, ਸੀਨੇ 'ਚ ਐਸੀ ਲੋਰ ਹੈ

ਅਪਣਾ ਸੱਚ ਵੀ ਜਾਣ ਲਵੇਂਗਾ ਇੱਕ ਵਾਰ ਜੇ ਸਾਹਮਣੇ ਹੋਵੇਂ
ਮੇਰੀਆਂ ਅੱਖਾਂ 'ਚ ਅੱਖਾਂ ਪਾ ਲਵੀਂ, ਸ਼ੀਸ਼ੇ ਦੀ ਕੀ ਲੋੜ ਹੈ

ਆਜਾ ਮੁੜ ਵੀ ਆ ਕਿ ਤੈਨੂੰ ਸਮੁੰਦਰਾਂ ਦੀ ਥਾਹ ਨਾ ਪੈਣੀ
ਮੰਨਿਆ ਕਿ ਤੇਰੇ ਹੱਥ ਵਿੱਚ ਫੀਤਾ ਨਵਾਂ ਨਕੋਰ ਹੈ

ਕਿਸ ਕਿਸ ਸਾਹਵੇਂ ਨਹੀਂ ਪਾਇਆ ਈਮਾਨ ਦਾ ਵਾਸਤਾ
ਨਿੱਤ ਵੱਜੇ ਜੇਬ 'ਤੇ ਡਾਕਾ, ਹਰ ਕੁਰਸੀ ਉੱਤੇ ਚੋਰ ਹੈ।

## ਕਮਲਿਆ ਸ਼ਾਇਰਾ

ਕਮਲਿਆ ਸ਼ਾਇਰਾ ਵੇ ਗੱਲ ਦਿਲ ’ਤੇ ਨਾ ਲਾਇਆ ਕਰ
ਬਦਲੇ ਜਦੋਂ ਮੌਸਮ, ਤੂੰ ਵੀ ਬਦਲ ਜਾਇਆ ਕਰ

ਹੋਵੇ ਜੇ ਵਖਤ ਬੁਰਾ, ਫੁੱਲ ਵੀ ਦੇ ਜਾਂਦੇ ਜ਼ਖ਼ਮ
ਸੰਭਲ਼ ਕੇ ਮਹਿਕਾਂ ਦੀ ਤੂੰ ਨਗਰੀ ’ਚ ਆਇਆ ਕਰ

ਜਦ ਪੰਛੀ ਨੂੰ ਰੰਜ ਨਹੀਂ ਭੋਰਾ ਆਪਣੀ ਗੁਲਾਮੀ ਦਾ
ਜੰਗਲ ਨੂੰ ਮੁਕਤੀ ਦੇ ਨਾ ਗੀਤ ਸੁਣਾਇਆ ਕਰ

ਜੋ ਟਿਮਟਿਮਾਉਂਦਾ ਏ, ਭੌਲਾ ਜੁਗਨੂੰ ਦਾ ਪਾਉਂਦਾ ਏ
ਐਸੇ ਖੋਟੇ ਖਰਿਆਂ ਦੀ ਨਾ ਤਾਸੀਰ ਅਜ਼ਮਾਇਆ ਕਰ

ਜੋ ਸਜਦੇ ਦੇ ਕਾਬਲ ਨਾ ਸੀ, ਅੱਜ ਉਹ ਖ਼ੁਦਾ ਹੋਇਆ
ਨਾ ਪੱਥਰ ਤਰਾਸ਼ ਕੇ ਤੂੰ ਮੰਦਰਾਂ ’ਚ ਸਜਾਇਆ ਕਰ

ਸਿਆਣਿਆਂ ਦੇ ਵਾਂਗੂੰ ਹੀ ਪਾਸੇ ਹੋ ਕੇ ਦੇਖੀ ਜਾ
ਤੂੰ ਹਾਦਸੇ ਵਿੱਚੋਂ ਦੀ ਨਾ ਗੁਜ਼ਰ ਜਾਇਆ ਕਰ

ਏਸ ਨਗਰ ਵਿੱਚ ਤਾਂ ਰੌਸ਼ਨੀ ਵੀ ਨਜ਼ਰਬੰਦ ਹੈ
ਨਾ ਖ਼ੁਦ ਹੀ ਤੂੰ ਜਲਿਆ ਕਰ, ਨਾ ਦੀਪ ਜਲਾਇਆ ਕਰ।

## ਗਿਰਝਾਂ ਕਾਂਵਾਂ ਨੂੰ

ਗਿਰਝਾਂ ਕਾਵਾਂ ਨੂੰ ਸ਼ਹਿਰ ਮੇਰੇ ਦਾ ਕਿੰਨਾ ਖਿਆਲ ਰਿਹਾ
ਹੱਥ ਨਸ਼ਤਰ ਲੈ ਹਨੇਰਾ ਨਜ਼ਮਾਂ ਮੇਰੀਆਂ ਭਾਲ਼ ਰਿਹਾ

ਮਾਏ ਕਿਉਂ ਸਾਨੂੰ ਰੋਟੀ ਦੇ ਨਾਂ 'ਤੇ ਰੋਟੀ ਦੀ ਤਸਵੀਰ ਮਿਲੇ
ਬੇਵੱਸ ਭੁੱਖੀ ਮਾਂ ਸਿਰਹਾਣੇ ਬੈਠੇ ਵਿਲਕਦੇ ਬਾਲ ਕਿਹਾ

ਪਗੜੀ ਨੇ ਕੱਜਿਆ ਸਿਰ, ਸਿਰ 'ਚ ਛੁਪੇ ਵਿਚਾਰ ਬੜੇ
ਵਿਚਾਰਾਂ 'ਚ ਕਰਾਂਤੀ, ਕਿਸ ਭਰਮ 'ਚ ਪੱਗ ਉਛਾਲ਼ ਰਿਹਾ

ਮੈਂ ਜੇ ਸਾਥ ਨਾ ਹੋਇਆ, ਮੈਨੂੰ ਚੇਤਿਆਂ ਵਿੱਚ ਸੰਭਾਲ ਰੱਖੀਂ
ਭਲਕੇ ਉਦੇ ਹੋਵਾਂਗਾ, ਮੈਂ ਡੁੱਬ ਇਸ ਵਾਹਦੇ ਨਾਲ਼ ਰਿਹਾ

ਬੁੱਧ, ਈਸਾ, ਨਾਨਕ, ਲੈਨਿਨ, ਮਾਰਕਸ ਰਹਿਨੁਮਾ ਬਣ
ਕੀ ਦੱਸਾਂ ਹਰ ਯੁੱਗ 'ਚ ਕੌਣ ਕੌਣ ਤੁਰਦਾ ਨਾਲ਼ ਰਿਹਾ

ਮੋਮ ਦੇ ਬੁੱਤਾਂ ਦੀ ਜੀ ਸਦਕੇ ਕਰ ਰਖਵਾਲੀ
ਯੁੱਗ ਪਲਟਾਉਣ ਲਈ ਮੈਂ ਵੀ ਸੀਨੇ ਭਾਂਬੜ ਬਾਲ਼ ਰਿਹਾ।

## ਤੇਰੀ ਬੁਨਿਆਦ ਪੱਥਰ

ਬੱਸ ਤੇਰੀ ਬੁਨਿਆਦ ਦਾ ਪੱਥਰ ਹੀ ਬਾਕੀ ਰਹਿ ਗਿਆ
ਤੁਫ਼ਾਨ ਤਾਂ ਸਾਡੇ ਸਭ ਸ਼ਮਿਆਨੇ ਉਡਾ ਕੇ ਲੈ ਗਿਆ

ਇਸ ਵਾਰ ਵੀ ਯਾਰ ਮੈਂ ਆਪੇ ਤੋਂ ਹੀ ਗ਼ੈਰਹਾਜ਼ਰ ਸਾਂ
ਝੀਲ ਨੂੰ ਮਿਲਣ ਗਿਆ, ਮਖੌਟਾ ਨਾਲ ਲੈ ਗਿਆ

ਆਪਣੇ ਲਫ਼ਜ਼ਾਂ ਉੱਤੇ ਤੈਨੂੰ ਵੀ ਨਹੀਂ ਯਕੀਨ ਸੀ
ਸਜ਼ਾ ਮੈਂ ਕਿਉਂ ਤੇਰੇ ਵਾਹਦਿਆਂ ਦੀ ਸਹਿ ਗਿਆ

ਸਮਿਆਂ ਨੇ ਤਰਕਸ਼ ਮੇਰਾ ਜੰਡ ਉੱਤੇ ਟੰਗਿਆ
ਸਾਹਿਬਾਂ ਨੂੰ ਤਾਂ ਐਵੇਂ ਹੀ ਮੈਂ ਬੇਵਫ਼ਾ ਕਹਿ ਗਿਆ

ਉਹ ਮੈਨੂੰ ਜਿਸਮ ਦੀਆਂ ਪਰਤਾਂ ਚੋਂ ਲੱਭਦੀ ਰਹੀ
ਮੈਂ ਮੇਰੀਆਂ ਨਜ਼ਮਾਂ ਵਿੱਚ ਹੀ ਛੁਪ ਕੇ ਬਹਿ ਗਿਆ

ਕਿੰਨੇ ਪੰਛੀਆਂ ਨੇ ਸ਼ਾਖ਼ਾਵਾਂ ਮੇਰੀਆਂ ਤੋਂ ਉਡਾਣ ਭਰੀ
ਕਿੰਨੇ ਹੀ ਰਾਹੀਆਂ ਦਾ ਮੇਰੀ ਛਾਵੇਂ ਥਕੇਵਾਂ ਲਹਿ ਗਿਆ

ਹੌਂਸਲਾ ਮੇਰਾ ਵੀ ਦੇਖ ਕਿ ਜਿੰਨੀ ਵੀ ਵਾਰ ਡਿੱਗਿਆ
ਓਨੀ ਵਾਰ ਹੋ ਮਜ਼ਬੂਤ ਜ਼ਿੰਦਗੀ ਦੀ ਰਾਹੇ ਪੈ ਗਿਆ।

## ਦੋ ਪਲ ਦੀ ਹੈ ਜ਼ਿੰਦਗੀ

ਦੋ ਪਲ ਦੀ ਹੈ ਜ਼ਿੰਦਗੀ, ਮੌਤ ਹਜ਼ਾਰਾਂ ਸਾਲ
ਕਿਉਂ ਨਾ ਜਾਵੇ ਸੁਲਝਿਆ, ਸਮੇਂ ਦੀਆਂ ਤਾਰਾਂ ਨਾਲ

ਲੋਕੀਂ ਕਿੰਝ ਨਪੀੜਨੇ, ਕਰਨੇ ਕਿੰਝ ਹਲਾਲ
ਰਲ ਮਿਲ ਕੇ ਵਿੱਚ ਸੰਸਦਾਂ ਖੇਡਣ ਭੇਡੂ ਚਾਲ

"ਸੰਵਰਨਾ ਤੇ ਬਿਖਰਨਾ ਕਿਸਮਤ ਦਾ ਹੈ ਖੇਲ"
ਜੋ ਇਹ ਆਖੇ, ਓਸ ਦੀ ਦੇਵਾਂ ਪੱਗ ਉੱਛਾਲ

ਕੋਈ ਰਾਹ ਵੀ ਰੁਸ਼ਨਾ ਜ਼ਰਾ, ਛੱਡ ਬੰਸਰੀ ਦੀ ਕੂਕ
ਛੇੜ ਮੁਕਤੀ ਦੇ ਗੀਤ, ਤੁਰ ਸੂਰਜਾਂ ਦੇ ਨਾਲ

ਪੀਲੀਆਂ ਜੋਕਾਂ ਦੇ ਖ਼ੂਨ ਦਾ ਰੰਗ ਪਾਣੀਓਂ ਫਿੱਕਾ
ਭਵਿੱਖ ਦੇ ਵਾਰਸਾਂ ਦੇ ਪਸੀਨੇ ਦਾ ਰੰਗ ਲਾਲ

ਅੱਗ ਏਨੀ ਕਿ ਸਾੜੀਏ ਰੰਗਲੇ ਸ਼ੀਸ਼ ਮਹੱਲ,
ਤੇਹ ਏਨੀ ਕਿ ਪੀ ਜਾਈਏ ਸਾਗਰ ਦਾ ਉੱਛਾਲ

ਜੋ ਕਵੀਆਂ ਤੋਂ ਅੱਥਰੂ, ਨਾ ਬਣ ਹੋਵਣ ਲਲਕਾਰ
ਵਿੱਚ ਦਵਾਤਾਂ ਡੋਬ ਦਿਓ, ਕਲਮਾਂ ਦੇਵੋ ਜਾਲ।

## ਇੱਕ ਚੰਨ

ਇੱਕ ਚੰਨ ਰੋਜ਼ ਰਾਤ ਨੂੰ ਅਸਮਾਨੀਂ ਚੜ੍ਹਦਾ
ਇੱਕ ਚੰਨ ਆ ਮੇਰਿਆਂ ਖਿਆਲਾਂ ਵਿੱਚ ਵੜਦਾ

ਚੰਨ ਹੀ ਤਾਂ ਚੰਨ ਦੀਆਂ ਸੱਭੇ ਰਮਜ਼ਾਂ ਪਛਾਣੇ
ਚੰਨ ਹੀ ਤਾਂ ਚੰਨ ਵਾਲੇ ਗੁੱਝੇ ਭੇਦ ਪੜ੍ਹਦਾ

ਦੋਨੋ ਚੰਨ ਹੀ ਉਦਾਸ ਨੇ, ਇੱਕ ਖਾਮੋਸ਼ ਤੱਕੇ
ਇੱਕ ਡੁੱਬੇ ਝਨਾਂ 'ਚ, ਕਦੇ ਥਲਾਂ 'ਚ ਸੜਦਾ

ਉਸ ਚੰਨ ਦੀ ਹੋਂਦ ਤੋਂ ਕਿਵੇਂ ਹੋ ਜਾਵਾਂ ਮੁਨਕਰ
ਜੋ ਜਿੱਤਾਂ ਹਾਰਾਂ 'ਚ ਸਦਾ ਮੇਰੇ ਨਾਲ ਖੜ੍ਹਦਾ

ਇੱਕ ਚੰਨ ਦੀਆਂ ਰਿਸ਼ਮਾਂ ਚੋਰੀ ਹੋ ਗਈਆਂ
ਇੱਕ ਚੰਨ ਸੌਂ ਗਿਆ ਰਾਤੀਂ ਕਰ ਕੇ ਪਰਦਾ

ਰਾਤ ਦੀ ਬੁੱਕਲ ਹੀ ਰਹਿਣ ਦੇ ਪਨਾਹ ਮੇਰੀ
ਸੂਰਜਾਂ ਦੀ ਛਾਵੇਂ ਕੌਣ ਮੇਰਾ ਜ਼ਿਕਰ ਕਰਦਾ।

# ਪਤਝੜ ਵੀ ਹੈ

ਪਤਝੜ ਵੀ ਹੈ, ਹੈ ਸਾਜ਼ਸ਼ਾਂ ਦਾ ਵੀ ਸਿਲਸਿਲਾ
ਸੁੱਕੇ ਟਾਹਣੇ, ਜ਼ਰਦ ਪੱਤਿਆਂ ’ਤੇ ਕਾਹਦਾ ਗਿਲਾ

ਬਾਜ਼ਾਰੋਂ ਲੈ ਆਇਓਂ ਕਾਗ਼ਜ਼ਾਂ ਦੀਆਂ ਪੰਖੜੀਆਂ
ਚਲ ਅੱਜ ਦੀ ਘੜੀ ਤੂੰ ਵੀ ਤਾਂ ਕੋਈ ਗੁਲ ਖਿਲਾ

ਉਹ ਹੀ ਹੈ ਕਰ ਗਿਆ ਟੁਕੜੇ ਸਾਡੇ ਵਜੂਦ ਦੇ
ਹੁੰਦਾ ਸੀ ਜਿਸ ਨੂੰ ਸਾਡੇ ਖਿੰਡ ਜਾਣ ਦਾ ਤੌਖਲਾ

ਬਣ ਜਾਂਦੀ ਮੇਰੀ ਪਿਆਸ ਫਿਰ ਖ਼ਾਬਾਂ ਦੇ ਹਾਣਦੀ
ਜੇ ਹੁੰਦਾ ਨਾਲ ਮੇਰੇ ਦੋ ਕਦਮ ਤੁਰਨ ਦਾ ਹੌਸਲਾ

ਮੇਰੇ ਅੰਦਰ ਬਾਹਰ ਚਾਰ ਚੁਫੇਰੇ ਜ਼ਹਿਰ ਹੈ
ਜੇ ਮਾਰਨਾ ਚਾਹੇਂ, ਅੰਮ੍ਰਿਤ ਦੀ ਕੋਈ ਬੂੰਦ ਪਿਲਾ

ਸ਼ਹਿਰ ’ਚ ਬਣ ਰਹੀ ਮੁਰਲੀ ਵਾਲੇ ਦੀ ਮੂਰਤੀ
ਸ਼ਹਿਰ ’ਚ ਹੀ ਵਸਤਰ ਹਰਨ ਹੋ ਰਹੀ ਹੈ ਅਬਲਾ

ਸਮੇਂ ਦੇ ਤੂਫ਼ਾਨ ਅੱਗੇ ਬੇਵੱਸ ਸੀ ਇਸ ਕਦਰ
ਕਿ ਖੋਖਲੇ ਦਰੱਖ਼ਤਾਂ ਨਾਲ ਲਿਪਟ ਗਿਆ ਕਾਫ਼ਲਾ।

## ਪੀਲੇ ਭੂਕ ਪੱਤਿਓ

ਪੀਲੇ ਭੂਕ ਪੱਤਿਓ ਲੈ ਜਾਓ ਮਾਰੂਥਲ ਦਾ ਸਿਰਨਾਵਾਂ
ਉਡੀਕਾਂ ਰੁਮਕਦੀ ਬਹਾਰ ਨੂੰ, ਕੋਠਿਓਂ ਕਾਗ ਉਡਾਵਾਂ

ਮੋਏ ਤਨ ਦਾ ਮੇਰੇ ਮਹਿਰਮਾਂ ਨੂੰ ਬੜਾ ਫਿਕਰ ਸਤਾਵੇ
ਮੈਂ ਵੀ ਹਾਂ ਗ਼ਮਗੀਨ ਯਾਰੋ, ਮਨ ਮੋਏ ਦਾ ਸੋਗ ਮਨਾਵਾਂ

ਜਦ ਸੜਦਾ ਸੀ ਆਲਮ, ਘਰ ਬਣਿਆ ਪਨਾਹ ਮੇਰੀ
ਅੱਗ ਦਹਿਲੀਜ਼ਾਂ ਲੰਘ ਆਈ, ਬਚ ਕੇ ਕਿਸ ਰਾਹੇ ਜਾਵਾਂ

ਰੰਗਲੀ ਸੱਭਿਅਤਾ ਦੇ ਸਿਖਰ ਦੀ ਹੈ ਬੇਦਰਦ ਕਹਾਣੀ
ਇੱਕ ਅਸਮਾਨ ਹੋਇਆ, ਇੱਕ ਨੂੰ ਖਾ ਲਿਆ ਘਟਨਾਵਾਂ

ਕੈਦ ਕਰ ਰੌਸ਼ਨੀ, ਕੀਤਾ ਐਲਾਨ ਵਿਚਾਰਾਂ ਦੀ ਮੌਤ ਦਾ
ਉੱਗਦੀ ਸੂਹੀ ਸਵੇਰ, ਆ ਜਾ ਅਸਮਾਨ ਬਦਲਦਾ ਰੰਗ ਦਿਖਾਵਾਂ

ਮੈ ਮੇਰੇ ਲੋਕਾਂ ਦੀ ਵਿਥਿਆ, ਮੈਂ ਅਣਛੂਹਿਆ ਦਰਦ ਹਾਂ
ਤੇਰੀ ਹਕੂਮਤ ਦੇ ਸਾਹਵੇਂ ਬਾਗ਼ੀ ਸ਼ਾਇਰ ਸਦਵਾਵਾਂ

ਮੈਂ ਖਲਾਅ ਵਿੱਚ ਲਟਕੀ ਬੀਤੇ ਸਮੇਂ ਦੀ ਮੂਰਤ ਨਹੀਂ
ਮੈਂ ਹਾਂ ਇਨਕਲਾਬ, ਮੁੜ ਮੁੜ ਇਤਿਹਾਸ ਦੁਹਰਾਵਾਂ ।

# ਦਿਲ ਨੂੰ ਦਿਲ ਮਿਲੇ

ਦਿਲ ਨੂੰ ਦਿਲ ਮਿਲੇ, ਲਹਿਰ ਨੂੰ ਲਹਿਰ ਮਿਲੇ
ਹਰੇਕ ਕਲਮ ਨੂੰ, ਸੁਰ ਤਾਲ ਤੇ ਬਹਿਰ ਮਿਲੇ

ਰੋਟੀ ਕੱਪੜੇ ਛੱਤ ਨੂੰ ਨਾ ਤਰਸੇ ਆਦਮੀ
ਸੁਲਗਦਾ ਧੂਣੀ ਵਾਂਗ ਨਾ ਸ਼ਹਿਰ ਮਿਲੇ

ਕੰਮ 'ਚ ਗਿੜਦੇ ਰਹਿਣਾ ਜ਼ਿੰਦਗੀ ਆਪਣੀ
ਚੈਨ ਅਸਾਂ ਨੂੰ ਘੜੀ ਪਲ ਨਾ ਪਹਿਰ ਮਿਲੇ

ਇਸ ਤਰ੍ਹਾਂ ਮਿਲਦੇ ਮਹਿਰਮ ਕਿ ਨਾ ਪੁੱਛ
ਬੋਲ ਰਸ ਭਰੇ ਦਿਲਾਂ ਵਿੱਚੋਂ ਜ਼ਹਿਰ ਮਿਲੇ

ਰੌਸ਼ਨੀ ਲੱਪ ਕੁ ਦੇ ਦਿਓ ਸ਼ਹਿਰ ਤਾਈਂ
ਭਿੜ ਜਾਏਗਾ ਕਿੱਡਾ ਵੀ ਚਾਹੇ ਕਹਿਰ ਮਿਲੇ।

## ਝਾਂਜਰ

ਝਾਂਜਰ ਮਿੱਤਰਾਂ ਦੇ ਦਰ ’ਤੇ ਛਣਕਾ ਆਏ ਹਾਂ
ਸਾਹਵੇਂ ਦੁਸ਼ਮਣਾਂ ਦੇ ਤਾਂ ਬੱਕਰੇ ਬੁਲਾ ਆਏ ਹਾਂ

ਗੁੜ ਦੀ ਰੋੜੀ ਨਹੀਂ ਵਜੂਦ ਸਾਡਾ, ਪਿੱਪਲ ਹਾਂ
ਪੱਥਰਾਂ ਚੋਂ ਵੀ ਆਪਣਾ ਆਪ ਉਗਾ ਆਏ ਹਾਂ

ਮੋਢਾ ਦੇਣ ਵਾਲੇ ਚਾਰ ਲੋਕਾਂ ਦੀ ਨਾ ਪਰਵਾਹ ਸਾਨੂੰ
ਕਲਮ ਨੂੰ ਸੱਚ ਦੀ ਨੋਕ ’ਤੇ ਟਿਕਾ ਆਏ ਹਾਂ

ਗਾਂਧੀ ਵੀ ਕਿੱਡਾ ਕੁ ਸੱਚ ਏ, ਪਰਖ ਲਵਾਂਗੇ
ਸੋਚ ਨੂੰ ਤਰਕ ਦੀ ਸਾਣ ਉੱਤੇ ਘਸਾ ਆਏ ਹਾਂ

ਗ਼ੁਲਾਮੀ ਦੀ ਜ਼ਿੰਦਗੀ ਨਾ ਮਨਜ਼ੂਰ ਅਸਾਂ ਨੂੰ
ਮੌਤ ਨੂੰ ਗਲ਼ ਲਾ, ਜ਼ਿੰਦਗੀ ਦਾ ਰਾਹ ਰੁਸ਼ਨਾ ਆਏ ਹਾਂ

ਕੈਦ ਅਸੀਂ ਸੀ ਜਾਂ ਹਕੂਮਤ, ਵਕਤ ਨੂੰ ਪੁੱਛ ਲੈਣਾ
ਜੇਲ੍ਹੋਂ ਰੌਸ਼ਨੀ ਦਾ ਪੈਗ਼ਾਮ ਘਰ-ਘਰ ਪਹੁੰਚਾ ਆਏ ਹਾਂ

ਕਿਸਨੇ ਕਿਹਾ ਕਿ ਤੇਰੀ ਹੋਂਦ ਤੋਂ ਮੁਨਕਰ ਅਸੀਂ
ਐ ਖ਼ੁਦਾ ਤੇਰੀ ਹੋਂਦ ਦੇ ਭਰਮ ਹੀ ਮਿਟਾ ਆਏ ਹਾਂ।

## ਜਸ਼ਨ ਤਰੱਕੀ ਦੇ

ਜਸ਼ਨ ਤਰੱਕੀ ਦੇ ਲਹੂ ਦੀ ਕੀਮਤ ਉੱਤੇ ਜਰਦਾ ਰਿਹਾ
ਦੇਸ਼ ਤਾਂ ਖੁਸ਼ਹਾਲ ਹੋਇਆ, ਚੁੱਲ੍ਹਾ ਮੇਰਾ ਠਰਦਾ ਰਿਹਾ

ਵਸਤੂ ਦੀ ਵਧ ਗਈ ਕਦਰ, ਸਸਤਾ ਹੋ ਗਿਆ ਆਦਮੀ
ਭੁੱਖ ਸਾਹਵੇਂ ਜੀਣ ਦੀਆਂ ਬਾਜ਼ੀਆਂ ਨਿੱਤ ਹਰਦਾ ਰਿਹਾ

ਪਾਲ਼ ਚਿਰਾਗਾਂ ਦੀ ਰੱਖ ਆਏ ਜਿਸ ਬਨੇਰੇ 'ਤੇ ਬਾਲ ਕੇ
ਉੱਲੂਆਂ ਨੂੰ ਹਰ ਦਮ ਖਿਆਲ ਕਿੰਨਾ ਉਸ ਘਰ ਦਾ ਰਿਹਾ

ਹੈ ਹਰਿਆਲੀ ਕਿਸੇ ਹੋਰ ਥਾਂ, ਕਿਨਾਰੇ ਕਿਸੇ ਹੋਰ ਦੇ ਖੁਰੇ
ਆਇਆ ਪਾਣੀ ਹੋਰ ਥਾਵੋਂ, ਮੀਂਹ ਹੋਰ ਥਾਵੇਂ ਵਰ੍ਹਦਾ ਰਿਹਾ

ਆਖਰ ਲਾ ਮਹਿੰਦੀ, ਵਟਣਾ ਮਲ, ਲਿਆ ਬਦਲ ਪਿੰਜਰਾ
ਖੰਭ ਵੀ ਸਨ, ਨੈਣੀਂ ਪਰਵਾਜ਼ ਦਾ ਸੁਪਨਾ ਤਰਦਾ ਰਿਹਾ

ਕੀ ਦੱਸਾਂ ਹਾਲ-ਏ-ਆਲਮ ਹਰ ਸ਼ਖ਼ਸ ਹਿੱਪੀ ਹੋ ਗਿਆ
ਨਗਨ ਹੋਣ ਦੀ ਹੈ ਦੌੜ, ਜਿਸਮ ਉੱਤੇ ਨਾ ਪਰਦਾ ਰਿਹਾ

ਰਹਿਬਰ ਸੀ ਪੱਥਰ, ਮੇਰਾ ਰਹਿਨੁਮਾ ਪੁਜਾਰੀ ਹੋ ਗਿਆ
ਸੰਗ ਹਨੇਰੇ ਹੋ, ਚਗਲੇ ਸਵਾਦਾਂ ਦੀ ਹਾਮੀ ਭਰਦਾ ਰਿਹਾ

ਤਿਲਕ, ਟੋਪੀ, ਭਗਵੇਂ ਚੋਲੇ ਵੱਸ ਪਾ ਦਿੱਤਾ ਇਨਸਾਨ
ਰੋਟੀ ਦੀ ਥਾਂ ਮੰਦਰ, ਮਸਜਿਦ ਦਾ ਫ਼ਿਕਰ ਕਰਦਾ ਰਿਹਾ

ਵਸੀਅਤ ਕਰਾਈ ਨਈਓਂ, ਰੁਕ ਜਾਵੇ ਨਾ ਸਾਹ ਬਾਪੂ ਦਾ
ਸਿਰ੍ਹਾਣੇ ਬੈਠੇ ਵਾਰਸਾਂ ਦਾ ਤਾਂ ਹੀ ਦਿਲ ਖਰਦਾ ਰਿਹਾ

ਹਾਂ ਸੋਚਾਂ ਵਿੱਚ ਸੁਲਗਦੇ, ਵਾਂਗ ਜੁਗਨੂੰਆਂ ਜਗਣਾ ਸਿੱਖੋ
ਚੀਰ ਦਿਓ ਗਰਦਿਸ਼ਾਂ, ਕਦ ਤਾਈਂ ਚੰਨ 'ਤੇ ਪਰਦਾ ਰਿਹਾ।

## ਗਰਦਿਸ਼ ਧੁੰਦੂਕਾਰ ਵਿੱਚ

ਗਰਦਿਸ਼, ਧੁੰਦੂਕਾਰ ਵਿੱਚ ਘਿਰ ਗਿਆ ਨਗਰ
ਉਂਝ ਅਖ਼ਬਾਰ ਵਿੱਚ ਹੀ ਨਾ ਛਪੀ ਕੋਈ ਖ਼ਬਰ

ਕਤਲ ਤੇ ਕੁੱਟਮਾਰ ਦਾ ਵੀ ਹੁੰਦੈ ਕੋਈ ਕਾਇਦਾ
ਦੌੜ ਹੀ ਗਈ, ਕਦ ਤਾਈਂ ਸਹਿੰਦੀ ਲਾਸ਼ ਜਬਰ

ਪੀ ਲੈ ਭੁੱਖੇ ਲਾਲ, ਠੰਢੇ ਚੁੱਲੇ ਦੀ ਤੂੰ ਰਾਖ਼ ਘੋਲ ਕੇ
ਤੇਰੇ ਸਿਸਕ ਕੇ ਜਿਉਂਦੇ, ਨਾ ਮੋਏ ਦੀ ਏਥੇ ਕਦਰ

ਮੈਂ ਰੀਂਗ ਕੇ ਜੀਅ ਰਿਹਾ ਦੇਸ਼ ਦਾ ਆਮ ਆਦਮੀ
ਮੈਨੂੰ ਪੋਟਾ ਪੋਟਾ ਪਿੰਜ ਰਹੀ ਜ਼ਿੰਦਗੀ ਦੀ ਡਗਰ

ਭੁੱਖ, ਪਿਆਸ, ਤੜਫ, ਬੇਬਸੀ ਉੱਤੇ ਹੱਸਦੇ ਸੀ ਜੋ
ਮਚਾਵਣ ਸ਼ੋਰ, ਜਦ ਟੁੱਟ ਗਿਆ ਸਾਡਾ ਸਬਰ।

## ਜ਼ਿੰਦਗੀ

ਉੱਚੇ ਅੰਬਰੀਂ ਪਰ ਤੋਲਣ ਦਾ ਹੈ ਨਾਂ ਜ਼ਿੰਦਗੀ
ਮੌਤ ਦੇ ਸਿਰ ਚੜ੍ਹ ਬੋਲਣ ਦਾ ਹੈ ਨਾਂ ਜ਼ਿੰਦਗੀ

ਹਿੱਕਾਂ ਤਣ ਕੇ ਤੁਰਨ ਜੋ, ਇਸ ਦਾ ਸ਼ਿੰਗਾਰ ਨੇ
ਬੁਜ਼ਦਿਲਾਂ ਨੂੰ ਤਾਂ ਮਾਰਦੀ ਹਰ ਥਾਂ ਜ਼ਿੰਦਗੀ

ਵਕਤ ਨਾਲੋਂ ਇੱਕ ਵਾਰੀ ਪਛੜ ਗਿਆਂ ਨੂੰ
ਫੇਰ ਮੁੜਕੇ ਨਾ ਦੇਵੇ ਜਿਉਣ ਦਾ ਸਮਾਂ ਜ਼ਿੰਦਗੀ

ਕਦ ਕਿਹਾ ਸੀ ਮੈਂ ਰੁਮਾਂਸ ਦੀ ਗੱਲ ਨਾ ਕਰੋ
ਕੇਵਲ ਰੁਮਾਂਸ ਦਾ ਹੀ ਤਾਂ ਨਹੀਂ ਨਾਂ ਜ਼ਿੰਦਗੀ

ਕਿਸੇ ਯੁੱਗ 'ਚ ਫਾਂਸੀ, ਕਿਸੇ 'ਚ ਸਲੀਬ ਮਿਲੀ
ਅਸਾਂ ਚਰਖੜੀਆਂ ਚੜ੍ਹ ਰੱਖੀ ਰਵਾਂ ਜ਼ਿੰਦਗੀ

ਤੱਤੀ ਤਵੀ ਉੱਬਲਦੀ ਦੇਗ਼ ਨੇ ਪਰਖਿਆ ਸਾਨੂੰ
ਜਰਵਾਣਿਆਂ ਅੱਗੇ ਨਾ ਝੁਕੀ ਕਿਸੇ ਥਾਂ ਜ਼ਿੰਦਗੀ

ਧੁੱਪ ਸਾਡੀ, ਛਾਂ ਵੀ ਸਾਡੀ, ਸੰਭਲ ਕੇ ਚੁੱਕੋ ਕਦਮ
ਕਰ ਦਿਓ ਉੱਗ ਰਹੀ ਰੌਸ਼ਨੀ ਦੇ ਨਾਂ ਜ਼ਿੰਦਗੀ।

## ਸੂਹੇ ਦਹਿਕਦੇ ਹਰਫ਼ੋ

ਸੂਹੇ ਦਹਿਕਦੇ ਹਰਫ਼ੋ ਬਹਿ ਜਾਓ ਚੁੱਪ ਕਰ ਕੇ
ਇਲਮਾਂ ਵਾਲੇ ਮਾਪਣਗੇ ਬਹਿਰ ਦੇ ਪੈਮਾਨੇ ਫੜ ਕੇ

ਤੂੰ ਆਪਣੀ ਸੁਣਾ, ਨਾ ਛੇੜ ਸਾਡੇ ਦਰਦਾਂ ਨੂੰ
ਰੱਖੀਏ ਮਸ਼ੀਨਾਂ ਰਵਾਂ ਖ਼ੁਦ ਭੋਰਾ ਭੋਰਾ ਮਰ ਕੇ

ਇਹਨਾਂ ਚਿਮਨੀਆਂ ਦੇ ਧੂੰਏਂ ਨੂੰ ਪੁੱਛਿਓ ਜ਼ਰਾ
ਸਾਡੇ ਕਿੰਨੇ ਸਾਹ ਰਲੇ ਨੇ ਇਸ ਵਿੱਚ ਖਰ ਕੇ

ਸ਼ੀਸ਼ੇ ਦੇ ਮਹਿਲ ਜਦੋਂ ਵੀਂ ਮੂੰਹ ਚਿੜਾਉਣ ਸਾਡਾ
ਕੱਢੀਏ ਗਾਲ ਕਰਮਾਂ ਨੂੰ ਲੰਬਾ ਹਉਂਕਾ ਭਰ ਕੇ

ਹਵਸੀ ਵਿਹੜੇ ’ਚ, ਭੁੱਖ ਦਾ ਤਾਂਡਵ ਹੋ ਰਿਹਾ
ਕਦ ਤਾਈਂ ਉਹ ਰੱਖਦੀ ਜੋਬਨ ਬਾਹੀਂ ਭਰ ਕੇ

ਸਿਰ ਧੌਣੋਂ ਜੇ ਲਹਿ ਜਾਂਦਾ, ਗੱਲ ਹੋਰ ਹੋਣੀ ਸੀ
ਇਹ ਤਾਂ ਆ ਗਏ ਨੇ ਸਿਰ ਕਦਮਾਂ ਵਿੱਚ ਧਰ ਕੇ

ਲਫ਼ਜ਼ਾਂ ਦੇ ਜਾਦੂਗਰ ਕਵੀ ਬਹੁਤ ਮਸ਼ਹੂਰ ਨੇ
ਖ਼ੁਦ ਨੂੰ ਪਰਚਾਉਂਦੇ ਆਪਣੀਆਂ ਹੀ ਨਜ਼ਮਾਂ ਪੜ੍ਹ ਕੇ

ਧਰਵਾਸ ਦਿੰਦੇ ਨੇ ਦਿਲ ਨੂੰ ਉਜਾਲਿਆਂ ਦਾ,
ਰੋਜ਼ ਰਾਤੀਂ ਗੱਲਾਂ ਜੁਗਨੂੰਆਂ ਦੀਆਂ ਕਰ ਕੇ

ਇਨਕਲਾਬਾਂ ਨੂੰ ਮੁੜ ਦੁਹਰਾਏਗਾ ਇਤਿਹਾਸ
ਅੱਗ ਦੇ ਸਫ਼ਿਆਂ ਉੱਤੇ, ਹਰਫ਼ ਲਹੂ ਦੇ ਧਰ ਕੇ ।

## ਉੱਡਦੇ ਪਰਿੰਦੇ

ਸ਼ੋ-ਕੇਸਾਂ ਵਿੱਚ ਜਿੰਨ੍ਹਾਂ ਇਹ ਪਰਿੰਦੇ ਸਜਾਏ
ਉੱਡਦੇ ਪਰਿੰਦੇ ਉਹਨਾਂ ਨੂੰ ਕਦ ਰਾਸ ਆਏ

ਚੋਰੀ ਚੁਪਕੇ ਮਾਪਣ ਉਹ ਸਾਡੇ ਖੰਭਾਂ ਨੂੰ
ਡੰਕੇ ਦੀ ਚੋਟ 'ਤੇ ਅਸੀਂ ਅੰਬਰ ਉਹਦਾ ਨਾਪਣ ਆਏ

ਕੱਚੇ ਕੱਚ ਦੀ ਨਾ ਕੀਤੀ ਸੀ ਪਰਖ ਜਿਨ੍ਹਾਂ ਨੇ
ਹੀਰੇ ਦੀ ਭਾਲ 'ਚ ਰਾਤੀਂ ਮੇਰੇ ਦਰ ਆਏ

ਅਕਸਰ ਡਰ ਜਾਂਦਾ ਹੈ ਉਹ ਚਲਾ ਕੇ ਗੋਲ਼ੀ
ਜੋ ਇਮਤਿਹਾਨਾਂ 'ਚ ਸਾਡਾ ਹੌਂਸਲਾ ਅਜ਼ਮਾਏ

ਵੰਗਾਰ ਹਨੇਰੇ ਨੂੰ, ਸਫ਼ਰਾਂ 'ਚ ਉਮਰ ਬੀਤੀ
ਤੁਰੇ ਕੰਡਿਆਂ 'ਤੇ, ਰਹੇ ਤਲਵਾਰਾਂ ਦੇ ਸਿਰ ਸਾਏ

ਚੁੱਕ ਦਿਆਂਗੇ ਘੁੰਢ ਚੂੜੇ ਵਾਲੀ ਨਾਰ ਦਾ
ਨਾ ਅਸਾਂ ਸੌਣਾ ਰਾਹਾਂ 'ਚ, ਨਾ ਥੱਕੀ ਅਟਕਾਏ।

## ਲਫ਼ਜ਼ਾਂ ਦੇ ਜਾਦੂਗਰੋ

ਲਫ਼ਜ਼ਾਂ ਦੇ ਜਾਦੂਗਰੋ ਨਾ ਪਾਵੋ ਤਾਰਿਆਂ ਦੀ ਬਾਤ
ਸਾਡੀ ਰੋਜ਼ ਗੁਜ਼ਰਦੀ ਏ ਛਾਵੇਂ ਤਾਰਿਆਂ ਦੇ ਰਾਤ

ਚਰਚਿਤ ਨੇ ਤੁਹਾਡੀਆਂ ਅੱਯਾਸ਼ੀਆਂ ਦੇ ਕਿੱਸੇ
ਨਹੀਂ ਸੋਂਹਦੀ ਮੂੰਹੋਂ ਤੁਹਾਡੇ ਇਬਾਦਤ ਦੀ ਬਾਤ

ਕੀ ਹੋਇਆ ਜੇ ਸੂਰਜ ਇੱਕ ਅਸਤ ਹੋ ਗਿਆ
ਕੀ ਹੋਇਆ ਜੇ ਹੋਰ ਗਹਿਰੀ ਹੋ ਗਈ ਅੱਜ ਰਾਤ

ਤੁਸੀਂ ਡਰਾਉਂਦੇ ਹੋ ਸੂਲ਼ਾਂ ਤੇ ਨਸ਼ਤਰਾਂ ਤੋਂ
ਸਾਡੀ ਰੋਜ਼ ਹੁੰਦੀ ਏ ਸਲੀਬਾਂ ਨਾਲ ਮੁਲਾਕਾਤ

ਸਾਡੀ ਬੁੱਕਲ ਵਿੱਚ ਸੂਰਜ, ਚਾਰੇ ਪਾਸੇ ਸ਼ੋਰ
ਖੰਘ ਕੇ ਨਾ ਲੰਘੇ ਸਾਡਿਆਂ ਦਰਾਂ ਤੋਂ ਹੁਣ ਰਾਤ।

# ਐ ਰਸਤੇ ਦਿਆ ਜੁਗਨੂੰਆ

ਐ ਰਸਤੇ ਦਿਆ ਜੁਗਨੂੰਆ ਰਾਤ ਭਰ ਟਿਮਟਿਮਾਉਂਦਾ ਰਹਿ
ਚੰਨ ਗਰਦਿਸ਼ਾਂ ਲੁਕੋ ਲਿਆ, ਮੁਕਤੀ ਦੇ ਖ਼ਾਬ ਦਿਖਾਉਂਦਾ ਰਹਿ

ਘਰਾਂ 'ਚ ਬੈਠਣ ਦਾ ਅਰਥ ਅਣਚਾਹੀ ਮੌਤ ਵੱਲ ਸਰਕ ਜਾਣਾ
ਵਕਤ ਦੇ ਸਵਾਲਾਂ ਨੂੰ ਹੋ ਮੁਖ਼ਾਤਬ, ਨਵੇਂ ਰਾਹ ਬਣਾਉਂਦਾ ਰਹਿ

ਇਹ ਖਾਮੋਸ਼ ਚਿਹਰੇ, ਹਾਦਸੇ ਵੇਂਹਦੇ ਵੇਂਹਦੇ ਹਾਦਸਾ ਹੋ ਗਏ
ਇਨ੍ਹਾਂ ਦੇ ਅਣਕਹੇ ਲਫ਼ਜ਼ਾਂ ਦੀ ਮੌਤ ਦਾ ਮਰਸੀਆ ਗਾਉਂਦਾ ਰਹਿ

ਪੈਰੀਂ ਬੇੜੀਆਂ ਪਾਈਆਂ, ਸੈਂਸਰ ਕੀਤੀ ਗ਼ੈਰਾਂ ਤੇਰੀ ਸ਼ਬਦਾਵਲੀ
ਬੇੜੀਆਂ ਨੂੰ ਤੂੰ ਝਾਂਜਰ ਬਣਾ, ਮੁਕਤੀ ਦਾ ਰਾਗ ਸੁਣਾਉਂਦਾ ਰਹਿ

ਮਾਂ ਧਰਤੀ ਦਾ ਕਰਜ਼ ਚੁਕਾ, ਪੋਟਾ ਪੋਟਾ ਬੀਜ ਕੇ ਆਪਣਾ ਆਪ
ਵੱਢਿਆਂ ਮੁੱਕ ਨਾ ਹੋਵਣ, ਹਰ ਪੈਰ 'ਤੇ ਸੂਰਜ ਉਗਾਉਂਦਾ ਰਹਿ।

## ਸ਼ੀਸ਼ਾ ਕੀਤਾ ਹਜ਼ਾਰ ਟੁਕੜੇ

ਸ਼ੀਸ਼ਾ ਕੀਤਾ ਹਜ਼ਾਰ ਟੁਕੜੇ, ਹਰੇਕ ਟੁਕੜਾ ਨਸ਼ਤਰ ਹੋਇਆ
ਪੱਥਰਾਂ ਰੁੱਤ ਰੰਗਲੀ ਲਈ, ਨਸ਼ਤਰਾਂ ਦਾ ਹਾਰ ਪਰੋਇਆ

ਚੁਣ ਚੁਣ ਮਾਰੇ ਗਏ ਸੀ, ਬਸਤੀਆਂ ਚੋਂ ਗ਼ੈਰ ਮਜ਼ਹਬੀ ਲੋਕ
ਖ਼ਬਰ ਛਪੀ ਕਿ ਸ਼ਹਿਰ ਅੰਦਰ, ਨਹੀਂ ਕਤਲੇਆਮ ਹੋਇਆ

ਅੱਧੀ ਰਾਤੀਂ ਪੁਲਸੀਏ ਮਾਰ ਗਏ ਸੀ ਜੰਗਲ ਦਾ ਰਖਵਾਲਾ
ਮਾਂ ਸਵੇਰ ਕਦ ਹੋਊ, ਗੋਦੀ ਵਿੱਚ ਸਹਿਮਿਆ ਬਾਲ ਰੋਇਆ

ਬੇਸ਼ੱਕ ਸ਼ਾਂਤ ਦੌੜ ਰਹੇ, ਪਰ ਚੁੱਪ ਦੀ ਵੀ ਕੋਈ ਭਾਸ਼ਾ ਹੁੰਦੀ ਹੈ
ਵੰਡੋ ਇਲਮ, ਲੋਕ ਲੈਣਗੇ ਮੁਕਤੀ ਦਾ ਸੁਪਨਾ ਨਰੋਇਆ

ਸਮਿਆਂ ਨੇ ਈਸਾ ਹਾਲੇ ਵੀ ਟੰਗਿਆ ਹੋਇਐ ਸਲੀਬ ਉੱਤੇ
ਨਾਨਕ ਕਰਦਾ ਫਿਰੇ ਉਦਾਸੀਆਂ, ਮੈਂ ਘਰ ਦਾ ਬੂਹਾ ਢੋਇਆ।

## ਸਿਰ ਤਲ਼ੀ 'ਤੇ ਨਹੀਂ

ਸਿਰ ਤਲ਼ੀ 'ਤੇ ਨਹੀਂ, ਤੁਰ ਪਏ ਹੋ ਸ਼ਿਕਾਰ 'ਤੇ
ਤਰਸ ਆਵੇ ਸਾਨੂੰ ਤੁਹਾਡੇ ਇਸ ਕਿਰਦਾਰ 'ਤੇ

ਉਹਨਾਂ ਨੇ ਮਖੌਟਿਆਂ ਵਾਲੇ ਸ਼ੇਰਾਂ ਤੋਂ ਕਦ ਡਰਨਾ
ਤੁਰਨਾ ਸਿਖਦੇ ਨੇ ਯਾਰੋ ਜੋ ਖੰਡੇ ਦੀ ਧਾਰ 'ਤੇ

ਅਸੀਂ ਹਵਾਵਾਂ ਨੂੰ ਵੀ ਕਹਿ ਆਏ ਜ਼ਰਾ ਤੇਜ਼ ਚੱਲੋ
ਐਵੇਂ ਝੂਰੋ ਨਾ ਤੁਫਾਨਾਂ ਦੀ ਉਸ ਵਕਤੀ ਹਾਰ 'ਤੇ

ਪਰਖ ਲੈ ਅਜ਼ਮਾ ਲੈ, ਧਾਰ ਆਪਣੀ ਲਿਸ਼ਕਾ ਲੈ
ਸਾਨੂੰ ਮਾਣ ਹੈ ਸੀਸ 'ਤੇ, ਤੈਨੂੰ ਮਾਣ ਤਲਵਾਰ 'ਤੇ।

## ਉਮਰ ਭਰ

ਉਮਰ ਭਰ ਬਹਾਰ ਰੁੱਤੇ ਗਈ ਲੁੱਟੀ ਜਿਸ ਦੀ ਆਬਰੂ
ਅੱਖਾਂ ਉਸ ਦੀਆਂ ਚੋਂ ਮੁੱਦਤ ਤੋਂ ਸੁੱਕ ਗਏ ਨੇ ਅੱਥਰੂ

ਉਹ ਦੇਖਦੀ ਹੈ ਕਲੀਆਂ ਤੋਂ ਫੁੱਲ ਬਣਦੇ ਤੇ ਹਸਦੀ ਹੈ
ਕਿ ਕਿੰਨਾ ਛੇਤੀ ਮਹਿਕ ਲੁਟਾ ਫੁੱਲ ਹੋ ਜਾਂਦੇ ਨੇ ਸੁਰਖ਼ਰੂ

ਉਹ ਕਦੇ ਪਰ ਦੇਖਦੀ ਹੈ ਕਦੇ ਪਰਵਾਜ਼ ਦੇਖਦੀ ਹੈ
ਟੁੱਟ ਗਈ ਜੇ ਬੁੱਝੋ ਖਾਂ, ਗਹਿਰੀ ਚੁੱਪ ਕਿੰਨਾ ਸ਼ੋਰ ਕਰੂ।

## ਜਿਉਂਦਿਆਂ ਦੀ ਬੁਰਕੀ

ਜਿਉਂਦਿਆਂ ਦੀ ਬੁਰਕੀ ਮੋਇਆਂ ਦੇ ਵੇਚ ਕੇ ਖਾ ਗਏ ਕਫ਼ਨ
ਹੁਣ ਕਿਉਂ ਖ਼ੂਨ ਨਾ ਖੌਲੇ, ਕਿਉਂ ਉੱਬਲੇ ਨਾ ਦੱਸ ਮੇਰਾ ਮਨ

ਦਹਿਸ਼ਤ ਦੇ ਸਾਏ ਉੱਗ ਆਏ, ਡਰੀਏ ਸਾਹਾਂ ਦੀ ਅਵਾਜ਼ ਤੋਂ
ਰੋਕੋ, ਕਿਤੇ ਫਿਰ ਨਾ ਵਗ ਪਵੇ ਫਿਰਕੂ ਜਨੂੰਨ ਦੀ ਪਵਨ

ਸਾਬਤ ਸਬੂਤੇ ਅਸੀਂ ਵੀ ਤੁਰੇ ਸੀ ਜ਼ਿੰਦਗੀਏ ਤੇਰੀ ਮੌਜ 'ਤੇ
ਹੁਣ ਪੀਲੇ ਜ਼ਰਦ ਚਿਹਰੇ, ਸੁੱਕ ਪਿੰਜਰ ਹੋ ਗਏ ਬਦਨ

ਥੰਮ ਸਕਿਆ ਦੱਸ ਕੌਣ ਸਮਿਆਂ ਨੂੰ, ਰੋਕੋਗੇ ਕਿੰਝ ਸੈਲਾਬ
ਹਵਾਵਾਂ ਸੰਗ ਉੱਡ ਜਾਣਾ, ਮਹਿਕਾਂ ਦਾ ਕਦ ਹੋਇਆ ਹਨਨ

ਥੱਕੀਆਂ ਬਾਹਾਂ ਦਾ ਮੱਲ ਸਿਰ੍ਹਾਣਾ, ਨੀਂਦ ਦੇ ਜੰਗਲ 'ਚ ਖੋਣ ਲਈ
ਸੁਪਨਿਆਂ ਸੰਗ ਦਿਲ ਬਹਿਲਾਉਣ ਦਾ, ਕਰਦੇ ਰਹੇ ਯਤਨ

ਓਧਰ ਨੰਗੀਆਂ ਤਲਵਾਰਾਂ ਲਹਿਰਾਉਂਦੇ, ਲੰਘੇ ਤਿਰਸ਼ੂਲਾਂ ਦੇ ਕਾਫ਼ਲੇ
ਏਧਰ ਲੈ ਕੇ ਕਾਜ਼ੀ ਦਾ ਫਤਵਾ ਤੁਰ ਪਏ ਕਰਨ ਖ਼ੁਦਾ ਨੂੰ ਦਫ਼ਨ।

## ਮਹਿਫ਼ਲ 'ਚ

ਮਹਿਫ਼ਲ 'ਚ ਮਚਲਦੇ ਆਪਣੇ ਅਰਮਾਨ ਰੱਖਣਾ
ਐਵੇਂ ਨਾ ਠੰਢੀ ਯੱਖ ਦਾਸਤਾਨ ਰੱਖਣਾ

ਹੱਥ ਖ਼ੰਜਰ ਲੈ ਲੱਭ ਰਹੇ ਨੇ ਕਿਰਨਾਂ ਨੂੰ ਕਾਤਲ
ਹੈ ਰਾਤ ਹਨੇਰ੍ਹੀ ਤਲ਼ੀਆਂ 'ਤੇ ਅਪਣੀ ਜਾਨ ਰੱਖਣਾ

ਸੁਣਿਐ ਯਾਰ ਇਸ ਨਗਰ ਵਿੱਚ ਵਫ਼ਾ ਦੀ ਰੀਤ ਨਹੀਂ
ਸੀਨੇ 'ਚ ਦਰਦ ਸਮੋ ਬੁੱਲ੍ਹਾਂ 'ਤੇ ਮੁਸਕਾਨ ਰੱਖਣਾ।

## ਜਦ ਜਦ ਫ਼ਿਕਰ ਹੋਣੈ

ਜਦ ਜਦ ਫ਼ਿਕਰ ਹੋਣੈ ਮਸਤ ਬਹਾਰਾਂ ਦਾ
ਅਸੀਂ ਸੁਪਨਾ ਲੈਣਾ ਖਿੜੀਆਂ ਗੁਲਜ਼ਾਰਾਂ ਦਾ

ਤੁਸੀਂ ਜ਼ੋਰ ਪਰਖਿਓ ਪੈਰਾਂ ਦਾ ਲੱਖ ਵਾਰੀ
ਅਸੀਂ ਜ਼ੋਰ ਪਰਖਣਾ ਦਹਿਕਦੇ ਅੰਗਿਆਰਾਂ ਦਾ

ਅਸੀਂ ਉੱਡੇ ਜਦ ਪਿੰਜਰਿਆਂ ਸਣੇ ਉੱਡ ਜਾਣਾ
ਲੱਖ ਰੱਖਿਓ ਪਹਿਰਾ ਸਿਰ ਤਲਵਾਰਾਂ ਦਾ

ਹੁਣ ਨਹੀਂ ਰੁਕਣੇ ਸਾਡੇ ਇਹ ਕਾਫ਼ਰ ਕਦਮ
ਭੁਲੇਖਾ ਮਿਟਾ ਦੇਣਾ ਤਖ਼ਤਾਂ ਤੇ ਦਰਬਾਰਾਂ ਦਾ।

## ਰੁੱਤਾਂ ਔੜਾਂ ਦੀਆਂ

ਰੁੱਤਾਂ ਔੜਾਂ ਦੀਆਂ ਨਾ ਸਦਾ ਸਿਰ ਉੱਤੇ ਖੜ੍ਹਦੀਆਂ ਨੇ
ਤੇਜ਼ ਹਵਾਵਾਂ ਬੱਦਲਾਂ ਨੂੰ ਉਡਾ ਲਿਆਇਆ ਕਰਦੀਆਂ ਨੇ

ਹਰ ਜਿੱਤ, ਜਿੱਤ ਨਹੀਂ ਹੁੰਦੀ, ਹਰ ਹਾਰ, ਹਾਰ ਨਹੀਂ ਹੁੰਦੀ
ਹਾਰਾਂ ਹੀ ਤਾਂ ਜਿੱਤਾਂ ਦੇ ਖ਼ਾਬ ਦਿਖਾਇਆ ਕਰਦੀਆਂ ਨੇ

ਅਸਾਂ ਤੇਰਾ ਹਰ ਪਲ ਹੰਢਾਉਣਾ ਚਾਹਿਆ ਐ ਜ਼ਿੰਦਗੀ
ਜੀਣ ਦੀਆਂ ਸੱਧਰਾਂ ਸੀਨੇ 'ਚੋਂ ਨਿੱਤ ਉਡਾਣਾਂ ਭਰਦੀਆਂ ਨੇ

ਤੂੰ ਇਕੱਲਾ ਤੁਰ ਤਾਂ ਸਹੀ, ਕਦੇ ਬਣ ਜਾਵੇਗਾ ਕਾਫ਼ਲਾ
ਭੀੜਾਂ ਤਾਂ ਸਦਾ ਉੱਗਦੇ ਸੂਰਜਾਂ ਦੀ ਹਾਮੀ ਭਰਦੀਆਂ ਨੇ।

## ਤੇਰੇ ਵਿਯੋਗ ’ਚ

ਤੇਰੇ ਵਿਯੋਗ ’ਚ ਢਲ਼ ਗਈ ਹੈ ਸ਼ਾਮ ਕੋਈ
ਸੁਣਿਆ ਹੈ ਅੱਖ ਤੇਰੀ ਵੀ ਰਾਤ ਭਰ ਰੋਈ

ਸੀ ਸਮੁੰਦਰ ਕਿਨਾਰਾ ਤੇ ਸਾਡਾ ਘਰ ਰੇਤ ਦਾ
ਪਾਣੀ ਦੀ ਛੱਲ ਹਾਏ ! ਸਾਥੋਂ ਇੱਕ ਨਾ ਸਹਾਰ ਹੋਈ

ਰੂਹ ਕਿਸੇ ਹੋਰ ਥਾਂ ਹੈ ਜਿਸਮ ਕਿਤੇ ਹੋਰ ਖੜ੍ਹਾ
ਐਵੇਂ ਹੀ ਜਾਂਦੇ ਹਾਂ ਬੱਸ ਆਦਰਸ਼ਾਂ ਦਾ ਬੋਝ ਢੋਈ

ਰੀਝਾਂ ਨਾਲ ਫੁਲਕਾਰੀ ਉੱਤੇ ਲਿਖਿਆ ਸੀ ਨਾਂ ਤੇਰਾ
ਓਹੀ ਫੁਲਕਾਰੀ ਅੱਜ ਸੀਨੇ ਦੀ ਕਸਕ ਬਣ ਖਲੋਈ।

## ਆਉਣ ਵਾਲੇ ਸਮੇਂ ਦੇ ਨਾਂ

ਆਉਣ ਵਾਲੇ ਸਮੇਂ ਦੇ ਨਾਂ ਸਾਫ਼-ਸੁਥਰੀ ਵਸੀਅਤ ਲਿਖਣਾ
ਭਰਨੀ ਹਾਮੀ ਸਦਾ ਸੱਚ ਦੀ, ਝੂਠ ਨੂੰ ਹਮੇਸ਼ਾ ਲਾਹਣਤ ਲਿਖਣਾ

ਸਿੱਖ ਗਏ ਹੋ ਦੋਸਤੋ ਜੇ ਸ਼ਬਦਾਂ ਦੀ ਜਾਦੂਗਰੀ
ਬਾਕੀ ਬਾਦ 'ਚ, ਸਭ ਤੋਂ ਪਹਿਲਾਂ ਸ਼ਬਦ ਇੱਕ 'ਮੁਹੱਬਤ' ਲਿਖਣਾ

ਝੱਖੜ-ਝੰਬੇ ਰੁੰਡ-ਮਰੁੰਡੇ ਤੇ ਔੜਾਂ ਮਾਰੇ ਜੋ ਖੜ੍ਹੇ
ਅਪਣੀ ਪੀੜ ਦੇ ਨਾਲ ਇਹਨਾਂ ਉਦਾਸ ਰੁੱਖਾਂ ਦੀ ਹਾਲਤ ਲਿਖਣਾ

ਇਹ ਜੋ ਉੱਸਰੇ ਪਏ ਹਰ ਮੋੜ 'ਤੇ ਭਵਨ ਕਾਰਖਾਨੇ
ਇਹ ਸਭ ਕੁੱਝ ਮਜ਼ਦੂਰਾਂ ਦਾ ਹੈ, ਇਹ ਮਜ਼ਦੂਰ ਦੀ ਮਿਹਨਤ ਲਿਖਣਾ

ਲਿਖਦੇ ਰਹਿਣਾ ਨਾ ਕਿੱਸੇ ਸਿਰਫ ਕਾਗਜ਼ ਭਰਨ ਖਾਤਰ
ਸਾਹਵੇਂ ਸਾਡੇ ਪਸਰੀ ਪਈ ਜੋ ਇਹੇ ਕਠੋਰ ਹਕੀਕਤ ਲਿਖਣਾ

ਜਿੱਥੇ ਪੌਣਾਂ ਉਦਾਸ ਵਗਦੀਆਂ ਜਿੱਥੇ ਕਲੀਆਂ ਝੁਲ਼ਸ ਜਾਂਦੀਆਂ
ਦਿਲ ਨਹੀਂ ਮੰਨਦਾ ਮੇਰਾ ਐਸੀ ਧਰਤ ਨੂੰ ਜੰਨਤ ਲਿਖਣਾ।

# ਤਲਵਾਰ ਦੀ ਧਾਰ ਉੱਤੇ

ਤਲਵਾਰ ਦੀ ਧਾਰ ਉੱਤੇ ਸਿਰ ਧਰਨਾ ਪਿਆ
ਜਿਉਣ ਲਈ ਆਖਰ ਇੱਕ ਦਿਨ ਮਰਨਾ ਪਿਆ

ਦੱਬੇ ਪੈਰੀਂ ਜ਼ਿੰਦਗੀ 'ਚੋਂ ਮੁੜ ਗਈ ਜਦ ਹਰ ਖ਼ੁਸ਼ੀ
ਖ਼ੁਸ਼ੀਆਂ ਲਈ ਫਿਰ ਸਾਨੂੰ ਮੈਦਾਨ 'ਚ ਨਿੱਤਰਨਾ ਪਿਆ

ਚੰਦਰੇ ਚੁੱਲ੍ਹੇ ਦੀ ਅੱਗ ਬੜਾ ਕੁੱਝ ਖਾ ਗਈ
ਇਹਨੂੰ ਮਘਦੀ ਰੱਖਣ ਲਈ ਹੱਡਾਂ ਨੂੰ ਵੀ ਸੜਨਾ ਪਿਆ

ਏਥੇ ਬੀਜੇ ਫੁੱਲ ਸਨ, ਕਿਉ ਉੱਗ ਆਈਆਂ ਸੰਗੀਨਾਂ
ਇਲਜ਼ਾਮ ਇਹ ਵੀ ਮਿੱਟੀ ਨੂੰ ਅਪਣੇ ਸਿਰ ਜਰਨਾ ਪਿਆ

ਉੱਜੜੇ ਦਰਾਂ ਵੱਲ ਨਾ ਆ ਜਾਵੇ ਮਿੱਤਰ ਪਿਆਰਾ
ਸਾਨੂੰ ਆਪੇ ਆਪਣੀ ਗਲੀਏ ਚਿੱਕੜ ਕਰਨਾ ਪਿਆ।

## ਨੰਗੀਆਂ ਸ਼ਾਖਾਵਾਂ ਨੇ ਰੋਣੈ

ਨੰਗੀਆਂ ਸ਼ਾਖਾਵਾਂ ਨੇ ਰੋਣੈ, ਝੜ ਰਹੇ ਨੇ ਫੁੱਲ ਪੱਤੀਆਂ
ਬਰਸ ਬੱਦਲੀਏ ਅਸੀਂ ਤੇਰੇ ਤੋਂ ਲੱਖ ਉਮੀਦਾਂ ਰੱਖੀਆਂ

ਅੱਜ ਨਹੀਂ ਤਾਂ ਭਲਕ ਤਾਈਂ ਇਲਮਾਂ ਵਾਲੇ ਸੜ ਜਾਣਗੇ
ਸ਼ਹਿਰ ਮੇਰੇ ਵਿੱਚ ਵਗ ਰਹੀਆਂ ਨੇ ਹਵਾਵਾਂ ਤੱਤੀਆਂ

ਵਿੱਚ ਉਜਾਲੇ ਤੇਰੀ ਹੋਂਦ ਤੋਂ ਜਿੰਨ੍ਹਾਂ ਕੀਤਾ ਇਨਕਾਰ ਸਦਾ
ਰਾਤੀਂ ਤੇਰੇ ਵਿਯੋਗ ਵਿੱਚ ਯਾਰ ਛਲਕ ਆਈਆਂ ਅੱਖੀਆਂ

ਫਲਸਫੇ ਪੱਥਰ ਦੇ ਤੇ ਰਹਿਨੁਮਾ ਹੋ ਗਏ ਪੁਜਾਰੀ
ਦੇ ਕੇ ਹੋਕਾ ਚਾਨਣ ਦਾ, ਖਾ ਰਹੇ ਹਨੇਰ੍ਹੇ ਦੀਆਂ ਖੱਟੀਆਂ।

## ਸ਼ਬਦ ਜਦੋਂ

ਸ਼ਬਦ ਜਦੋਂ ਚੰਗਿਆੜੇ ਬਣ ਅੜ ਜਾਂਦੇ ਨੇ
ਰਾਹਾਂ ਦੇ ਸਭ ਕੰਡੇ ਫਿਰ ਸੜ ਜਾਂਦੇ ਨੇ

ਕਲਮ ਕਿੰਨਿਆਂ ਹੱਥ ਤਲਵਾਰ ਫੜਾ ਦੇਵੇ
ਲੋਕੀਂ ਸੱਚ ਦੀ ਸੂਲ਼ੀ ਵੀ ਚੜ੍ਹ ਜਾਂਦੇ ਨੇ

ਸਮਿਆਂ ਨੇ ਲੱਖ ਵਾਰੀ ਲਿਆ ਇਮਤਿਹਾਨ ਸਾਡਾ
ਆਸ਼ਕ ਮੌਤ ਦੀ ਮੌਤ ਬਣ ਕੇ ਖੜ੍ਹ ਜਾਂਦੇ ਨੇ।

## ਮਾਰਕਸ ਦਾ ਖ਼ਾਬ

ਮਾਰਕਸ ਦਾ ਖ਼ਾਬ ਦਿਲ ਵਿੱਚ ਸਜਾਈਏ
ਆ ਜਾ ਕਾਮਰੇਡ ਏਕਤਾ ਦੀ ਬਾਤ ਪਾਈਏ

ਦੁਨੀਆਂ ਦੇ ਮਜ਼ਦੂਰ ਤਾਂ ਇੱਕ ਹੋ ਜਾਣਗੇ
ਆ ਜਾ ਪਹਿਲਾਂ ਆਪਾਂ ਸਿਧਾਂਤਾਂ ਦੀ ਥਾਹ ਪਾਈਏ

ਸਟੇਟ ਤਾਂ ਉਮਰ ਵਧਾਊ ਗੋਲ਼ੀਆਂ ਖਾ ਗਈ
ਆ ਜਾ ਇਹਦੀ ਨਾਭੀ ਉੱਤੇ ਖ਼ੰਜਰ ਚਲਾਈਏ

ਸਾਰਾ ਥਲ ਹੀ ਤਾਂ ਹੁਣ ਹੋ ਗਿਆ ਹੈ ਮਾਰੂਥਲ
ਆ ਜਾ ਕਿਤੋਂ ਚਸ਼ਮਿਆਂ ਨੂੰ ਲੱਭ ਲਿਆਈਏ

ਤੁਫਾਨ ਤਾਂ ਝੁੱਲਣ ਲਈ ਫੇਰ ਤਿਆਰ ਨੇ
ਆ ਜਾ ਕਿ ਹੁਣ ਚੋਟ ਨਗਾਰੇ 'ਤੇ ਲਾਈਏ।

## ਪਿਆਰ ਦੋਸਤੀ

ਪਿਆਰ ਦੋਸਤੀ ਮਨਪਰਚਾਵਾ ਛੱਡ ਪਰੇ
ਤੇਰੀਆਂ ਗੱਲਾਂ 'ਤੇ ਹੁਣ ਕੌਣ ਧਰਵਾਸ ਧਰੇ

ਛੱਡ ਹੁਣ ਤਲ਼ੀਆਂ ਉੱਤੇ ਚੰਨ ਟਿਕਾਉਣਾ
ਮੁੜ ਜਾ ਇਸ਼ਕ ਦੇ ਰਾਹ ਨੇ ਕੰਡਿਆਲ਼ੇ ਬੜੇ

ਬਹਾਰਾਂ ਟੋਲ਼ਦੀ ਮੇਰੀਆਂ ਬਰੂਹਾਂ ਲੰਘ ਆਈ
ਇੱਕ ਉਦਾਸ ਨਜ਼ਮ ਮੇਰਿਆਂ ਥਲਾਂ 'ਚ ਸੜੇ

ਠੋਕਰਾਂ ਖਾ-ਖਾ ਇੱਕ ਦਿਨ ਸੰਭਲ਼ ਹੀ ਜਾਵੇਗਾ
ਆਖਰ ਕਦ ਤੱਕ ਰਹਿਣੇ ਦਿਲ ਦੇ ਜ਼ਖ਼ਮ ਹਰੇ।

## ਸੜ ਬਲ਼ ਜਾਵਾਂਗਾ

ਸੜ ਬਲ਼ ਜਾਵਾਂਗਾ ਜੇ ਮੈਂ ਚੁੱਪ ਹੀ ਰਿਹਾ
ਨਜ਼ਮ ਲਿਖਾਂਗਾ ਕਿਵੇਂ, ਜੇ ਦਰਦ ਨਾ ਸਿਹਾ

ਡੁੱਬਦੇ ਤਰਦੇ ਲੋਕ ਤਾਂ ਮੈਂ ਵੀ ਦੇਖੇ ਬੜੇ
ਕਿੰਨਾ ਚਿਰ ਤਾਂ ਮੈਂ ਕਿਨਾਰੇ ਹੀ ਬੈਠਾ ਰਿਹਾ

ਬੁੱਢੜੇ ਮੋਚੀ ਦੀ ਕਿੱਥੇ ਮੁਸਕਾਨ ਰੁਲ਼ ਗਈ
ਬੈਠਾ ਬੋਹੜ ਕਿਨਾਰੇ ਸੁੱਕਾ ਪਿੰਜਰ ਹੋ ਗਿਆ

ਏਥੇ ਪੇਟ ਦੀ ਅੱਗ ਵੱਡਾ ਮਸਲਾ ਹੋ ਗਈ
ਚੜ੍ਹਦੇ ਜੋਬਨ ਨੂੰ ਆਖਰ ਹਾਰਨਾ ਹੀ ਪਿਆ

ਇੱਕ ਦਿਨ ਬਣ ਜਾਣਾ ਤਿੱਖੀਆਂ ਕਟਾਰਾਂ ਅਸੀਂ
ਹੰਝੂਆਂ ਨੇ ਉਹਦੀ ਗਹਿਰੀ ਚੁੱਪ ਨੂੰ ਕਿਹਾ

ਆਖਰ ਜਿਉਣ ਦੀ ਸਿੱਖ ਗਏ ਅਸੀਂ ਵੀ ਅਦਾ
ਹੁਣ ਨਾ ਹੋਵੇਗਾ ਸਾਡੇ ਨਾਲ ਕੋਈ ਹਾਦਸਾ

ਸਾਡੀ ਵੀ ਹੈ ਧੁੱਪ ਕੋਈ, ਸਾਡੀ ਵੀ ਕੋਈ ਛਾਂ ਹੈ
ਰੁੱਤ ਵੀ ਏ ਸਾਡੀ ਕੋਈ, ਸਾਡੀ ਵੀ ਹੈ ਇਹ ਹਵਾ

ਸੂਰਜ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੁੱਛਾਂਗੇ
ਬਚ-ਬਚ ਕੇ ਸਾਥੋਂ ਹੁਣ ਤਾਈਂ ਕਿੱਥੇ ਤੂੰ ਰਿਹਾ

ਅਸਾਂ ਤੋੜ ਦੇਣੇ ਮਜਬੂਰੀਆਂ ਦੇ ਸਾਰੇ ਸੰਗਲ਼
ਹੁਣ ਨਈਓਂ ਪਾਉਣਾ ਕੋਈ ਵੀ ਰਹਿਮ ਦਾ ਵਾਸਤਾ।

## ਡਿਗਦੇ ਢਹਿੰਦੇ

ਡਿਗਦੇ ਢਹਿੰਦੇ ਸੰਭਲ਼-ਸੰਭਲ਼ ਚਲਦੇ ਚਲੋ
ਮਸ਼ਾਲਾਂ ਨਾ ਸਹੀ ਰਾਤ ਭਰ ਖ਼ੁਦ ਬਲ਼ਦੇ ਚਲੋ

ਜਾਗੋ ਜਾਗੋ ਦਾ ਹੋਕਾ ਦੇ ਕੇ ਚੋਟ ਨਗਾਰੇ 'ਤੇ ਲਾ ਦਿਓ
ਤਖਤਾਂ ਤਾਜਾਂ ਤਾਈਂ ਪੈਰਾਂ ਵਿੱਚ ਮਸਲ਼ਦੇ ਚਲੋ

ਅਪਣੇ ਪਰਾਇਆਂ ਨੂੰ ਪਰਖੋ ਕਿ ਵੇਲ਼ਾ ਆਇਆ
ਚੇਤੰਨ ਹੋਵੋ, ਲੜਨ ਲਈ ਥਾਂ ਮੱਲਦੇ ਚਲੋ

ਚੰਨ ਤਾਰੇ ਕਦ ਤਾਈਂ ਵਿੱਚ ਗਰਦਿਸ਼ਾਂ ਰਹਿਣਗੇ
ਸੰਗੀਨਾਂ ਛੁਰੀਆਂ ਤਲਵਾਰਾਂ ਵਿੱਚ ਢਲ਼ਦੇ ਚਲੋ।

## ਖ਼ੰਜਰ ਹੈ ਤਿਆਰ ਏਥੇ

ਖ਼ੰਜਰ ਹੈ ਤਿਆਰ ਏਥੇ ਹਰ ਸੱਚ ਝੁਠਲਾਉਣ ਲਈ
ਮੈਂ ਲਿਸ਼ਕਦਾ ਸ਼ੀਸ਼ਾ, ਭੱਜਿਆ ਹਾਂ ਜਾਨ ਬਚਾਉਣ ਲਈ

ਉਂਝ ਤਾਂ ਹਰ ਕਦਮ ਹਰ ਮੋੜ 'ਤੇ ਅਸੀਂ ਹੀ ਤੇਰੇ ਨਾਲ਼ ਸੀ
ਬੱਸ ਖ਼ਾਬਾਂ 'ਚ ਹੀ ਨਾ ਆਏ ਤੇਰਾ ਦਿਲ ਬਹਿਲਾਉਣ ਲਈ

ਏਥੇ ਭੁੱਖਾਂ ਦੇ ਲਿਤਾੜੇ ਲੋਕ ਨੇ, ਮੌਤੋਂ ਗਹਿਰੀ ਚੁੱਪ ਹੈ
ਉੱਠੋ ਸਮੇਂ ਦੇ ਵਾਰਸੋ ਕੋਈ ਸ਼ਮ੍ਹਾਂ ਨਵੀਂ ਰੁਸ਼ਨਾਉਣ ਲਈ

ਸਾਵਣ ਦੀ ਪਹਿਲੀ ਬਰਸਾਤ ਸੀ ਤੇਰੇ ਚਿਹਰੇ 'ਤੇ ਨਕਾਬ ਸੀ
ਕਿੰਝ ਮੈਂ ਤੈਨੂੰ ਆਖਦਾ ਮਨ ਦੀ ਪਿਆਸ ਬੁਝਾਉਣ ਲਈ।

## ਕੀ ਹੈ ਤੇਰਾ ਪਿਆਰ

ਕੀ ਹੈ ਤੇਰਾ ਪਿਆਰ, ਨਾ ਰੌਸ਼ਨੀ ਨਾ ਹਨੇਰਾ ਹੈ
ਗੰਧਲਿਆ ਦਿਲ ਦਰਿਆ, ਗੰਧਲਿਆ ਚਾਰ ਚੁਫੇਰਾ ਹੈ

ਕੀ ਸੂਰਜ ਕੀ ਰੌਸ਼ਨੀ ਅੰਨ੍ਹਿਆਂ ਦਾ ਹੈ ਇਹ ਸ਼ਹਿਰ
ਜਿੱਧਰ ਦੇਖਾਂ ਰਾਤ ਹੀ ਰਾਤ, ਬੜੀ ਦੂਰ ਸਵੇਰਾ ਹੈ

ਵੱਢੇ ਗਏ ਨਿਹੱਥੇ ਸਿਰਾਂ ਲਈ ਅਵਾਜ਼ ਨਾ ਉੱਠਣੀ
ਉਂਝ ਸਾਡਾ ਫੁੱਲ ਕਲੀਆਂ ਨਾਲ ਪਿਆਰ ਬਥੇਰਾ ਹੈ

ਆਪਣੇ ਨਾਂ ਦੇ ਕੱਠ 'ਤੇ ਸ਼ਰਮਿੰਦਾ ਹੋਇਆ ਹੋਵੇਂਗਾ
ਨੰਗੇ ਜਿਸਮਾਂ ਦੀ ਨੁਮਾਇਸ਼ 'ਚ ਵਿਕਦਾ ਨਾਂ ਤੇਰਾ ਹੈ।

ਐ ਮੇਰੇ ਦੇਸ਼ ! ਪਿਆਰ ਜਿਵੇਂ ਕੋਈ ਵੇਸਵਾ ਦਾ ਹੋਵੇ
ਇਸ ਤਰਾਂ ਦਾ ਰਿਸ਼ਤਾ ਕਿਉਂ ਤੇਰਾ ਤੇ ਮੇਰਾ ਹੈ।

## ਥੱਕੇ-ਥੱਕੇ ਜਿਹੇ

ਥੱਕੇ-ਥੱਕੇ ਜਿਹੇ ਬੁਝੇ-ਬੁਝੇ ਜਿਹੇ
ਫਿਰ ਵੀ ਤੁਰ ਰਹੇ ਨੇ ਲੋਕ
ਹਰ ਪਲ ਹਰ ਘੜੀ
ਕਿਣਕਾ-ਕਿਣਕਾ ਭੁਰ ਰਹੇ ਨੇ ਲੋਕ

ਹੁੰਦਾ ਹਾਦਸੇ ਦਰ ਹਾਦਸਾ
ਜੀਣ ਦੀ ਸਿੱਖ ਲਈ ਕੈਸੀ ਅਦਾ
ਹਰ ਹਾਦਸੇ ਦੇ ਦਰ ਤੋਂ
ਸੰਭਲ-ਸੰਭਲ ਕੇ ਤੁਰ ਰਹੇ ਨੇ ਲੋਕ

ਆਪੇ ਬੂਟੇ ਲਾਏ, ਪਾਣੀ ਪਾਇਆ
ਪਰ ਛਾਵਾਂ ਦਾ ਮੁੱਲ ਨਾ ਪਾਇਆ
ਨੇਰ੍ਹਿਆਂ ਤੋਂ ਮੰਗ ਰੌਸ਼ਨੀ
ਚਿਰਾਗਾਂ ਦੇ ਦਰ ਤੋਂ ਮੁੜ ਰਹੇ ਨੇ ਲੋਕ

ਕਿਸ-ਕਿਸ ਦੇ ਮੈਂ ਸੰਗ ਖੜ੍ਹਾਂ
ਕਿਸ-ਕਿਸ ’ਤੇ ਯਕੀਨ ਕਰਾਂ
ਪੈਰ-ਪੈਰ ’ਤੇ ਵਾਹਦਿਆਂ ਤੋਂ
ਹੁਣ ਮੁੱਕਰ ਰਹੇ ਨੇ ਲੋਕ।

## ਦਿਲ ਦਾ ਸੱਚ

ਦਿਲ ਦਾ ਸੱਚ ਆਖਣੋ ਡਰਦਾ ਹਰ ਕੋਈ
ਹੁਣ ਬੁਝਿਆ-ਬੁਝਿਆ ਜਿਹਾ ਸੂਰਜ ਚੜ੍ਹੇ
ਬੰਦਾ ਹੈਵਾਨ ਤੇ ਘਰ ਸ਼ਮਸ਼ਾਨ ਹੋ ਗਿਆ
ਅੱਜਕੱਲ੍ਹ ਭੂਤਾਂ ਪਰੇਤਾਂ ਤੋਂ ਕੌਣ ਡਰੇ

ਨਾ ਹੀ ਆਪਣਾਪਣ ਨਾ ਬੇਗਾਨਗੀ ਹੈ
ਨਾ ਹੁਣ ਇਸ਼ਕ ਮੁਹੱਬਤ ਦੀਵਾਨਗੀ ਹੈ
ਦੋ ਪਲ ਮਾਤਮ, ਮਰਿਆਂ ਨਾਲ ਕੌਣ ਮਰੇ
ਮੁੜ ਜ਼ਿੰਦਗੀ ਪਹਿਲਾਂ ਜਿਹੀ ਰਫਤਾਰ ਫੜੇ

ਨਾ ਹੁਣ ਉਹ ਸਲੀਬ ਨਾ ਮਨਸੂਰ ਹੈ
ਨਾ ਸੁਕਰਾਤ ਨਾ ਜ਼ਹਿਰ ਦਾ ਦਸਤੂਰ ਹੈ
ਹੁਣ ਤਾਂ ਫੈਸਲਾ ਦੇਣੋਂ ਡਰ ਜਾਂਦਾ ਹੈ ਖ਼ੁਦਾ
ਜਦ ਆਦਮੀ ਆਤਮਾ ਦੀ ਦਹਿਲੀਜ਼ ਚੜ੍ਹੇ

ਪਤਾ ਹੈ ਤੁਸੀਂ ਅਸਮਾਨ ਨੂੰ ਟਾਕੀ ਲਾ ਦੇਵੋਗੇ
ਤੋਤਲੇ ਬੋਲਾਂ ਨੂੰ ਜਾਤ ਧਰਮ ਸਿਖਾ ਦੇਵੋਗੇ
ਜਿਉਂਦੀਆਂ ਲਾਸ਼ਾਂ ਦਾ ਬੋਝ ਢੋਅ ਰਹੇ ਹਾਂ
ਆਪਾ ਬਾਲ਼ ਕੇ ਚਾਨਣ ਹੁਣ ਕੌਣ ਕਰੇ

ਹੁਣ ਚਿਹਰੇ ਦਾ ਉਹ ਡਰ ਕਿੱਧਰ ਗਿਆ
ਮਨੁੱਖ ਤਾਂ ਆਪੇ ਤੋਂ ਹੀ ਵਿੱਛੜ ਗਿਆ
ਕਿੱਥੋਂ ਲੱਭ ਲਿਆਈਏ ਮਹਿਕਦੀ ਬਹਾਰ
ਹੁਣ ਤਾਂ ਹਰ ਹਿਰਦਾ ਨਫ਼ਰਤ ਵਿੱਚ ਸੜੇ।

## ਚੜ੍ਹਿਆ ਨੂਰ ਇਲਾਹੀ

ਚੜ੍ਹਿਆ ਨੂਰ ਇਲਾਹੀ ਏ ਅੱਜ ਸਾਜ਼ ’ਤੇ
ਸਲਾਮ ਆਖਾਂ ਇਸ ਨਵੀਂ ਰੁੱਤ ਦੇ ਆਗਾਜ਼ ’ਤੇ

ਮੰਨਿਆ ਉਡਾਣ ਲਈ ਪਰ ਵੀ ਨੇ ਲਾਜ਼ਮੀ
ਹੌਂਸਲਾ ਵੀ ਪਾਵੇ ਅਸਰ ਪਰਵਾਜ਼ ’ਤੇ

ਪੰਛੀ ਨੇ ਖੰਭ ਖਿਲਾਰੇ, ਉਸ ਦੇ ਹੱਥ ਕੰਬੇ
ਹੁਣ ਹੱਸਾਂ ਕਿ ਰੋ ਲਵਾਂ ਨਿਸ਼ਾਨੇਬਾਜ਼ ’ਤੇ

ਪੱਥਰ ਦੇ ਦੇਵਤੇ ਦੀ ਅੱਖ ’ਚ ਕੋਝ ਹੈ
ਕਿੰਝ ਕਰਾਂ ਯਕੀਨ ਕਾਜ਼ੀ ਅਤੇ ਨਮਾਜ਼ ’ਤੇ

ਜ਼ੱਰਾ ਰੇਤ ਦਾ ਸਮਝ, ਨਾ ਲੰਘ ਮਸਲ਼ ਕੇ
ਭਲਕੇ ਇਹ ਵਾਰ ਕਰੇਗਾ ਹਕੂਮਤ ਦੇ ਤਾਜ ’ਤੇ

“ਚੁੰਝ ’ਚ ਲੈ ਉੱਡ ਗਿਆ ਜੋ ਜੀਣ ਦੀ ਖਾਹਸ਼”
ਸੰਗਰਾਮੀ ਨਜ਼ਰ ਟਿਕੀ ਹੈ ਉਸ ਬਾਜ਼ ’ਤੇ।

## ਦਿਲ ਵਿੱਚ ਕਿਸੇ ਦੇ

ਦਿਲ ਵਿੱਚ ਕਿਸੇ ਦੇ ਕਿਸ ਹੱਦ ਤਾਈਂ ਸਮਾਓਗੇ
ਲਹਿਰਾਂ ਦੇ ਥਪੇੜੇ ਖਾ ਕਿਨਾਰੇ ਪਰਤ ਆਓਗੇ

ਬਿਗਾਨੇ ਨੈਣਾਂ ਵਿੱਚ ਨਾ ਅਪਣਾ ਅਕਸ ਮਿਲੇਗਾ
ਰੁਲੋਗੇ ਜਦ ਤਾਈਂ ਨਾ ਅਪਣੀ ਕਦਰ ਪਾਓਗੇ

ਮੌਸਮ ਤੇ ਬੱਦਲੀਆਂ ਨੂੰ ਪੁੱਛੋ ਜ਼ਰਾ ਖਲ੍ਹਾਰ ਕੇ
ਕਦੋਂ ਕੁ ਬੰਜਰ ਧਰਤੀ 'ਤੇ ਮੀਂਹ ਵਰ੍ਹਾਓਗੇ।

## ਗੱਲ ਨਾ ਹੋਣੀ

ਗੱਲ ਨਾ ਹੋਣੀ ਖਾਮੋਸ਼ ਢਲ਼ ਰਹੀ ਸ਼ਾਮ ਦੀ
ਪਛਾਣ ਹੀ ਮਿਟ ਜਾਂਦੀ ਹੈ ਜ਼ਿੰਦਗੀ ਦੇ ਖਾਲੀ ਜਾਮ ਦੀ

ਮੋਈਆਂ ਰੂਹਾਂ ਹੋ ਗਈਆਂ ਜਿਉਣ ਦੇ ਕਾਬਲ
ਇਹ ਜੋ ਸਾਨੂੰ ਮਿਲ ਗਈ ਲਹਿਰ ਸੰਗਰਾਮ ਦੀ

ਅਜ਼ਮਾਇਸ਼ ਤੇ ਲੱਜਾ ਸੀਤਾ ਦਰੋਪਦੀ ਦੇ ਹਿੱਸੇ
ਉਂਝ ਵਫ਼ਾ ਪਰਖੀ ਹੀ ਨਾ ਗਈ ਮੁਰਾਰੀ ਤੇ ਰਾਮ ਦੀ।

## ਉੱਛਲਦੇ ਪਾਣੀ ਡੱਕਣਾ

ਉੱਛਲਦੇ ਪਾਣੀ ਡੱਕਣਾ ਕਿਨਾਰਿਆਂ ਦਾ ਦਸਤੂਰ
ਉਂਝ ਸ਼ਾਂਤ ਵਗਦੇ ਰਹਿਣਾ, ਨਾ ਨਦੀਆਂ ਨੂੰ ਮਨਜ਼ੂਰ

ਤਲਵਾਰ ਦੀ ਨੋਕ 'ਤੇ ਇਸ਼ਕ ਦੀ ਅਜ਼ਮਾਇਸ਼
ਦੇਖ ਕੇ ਸੂਲ਼ੀ ਅੱਜ ਫੇਰ ਮੁਸਕਰਾਇਆ ਮਨਸੂਰ

ਭੜਕਾ ਕੇ ਲਾਂਬੂ ਸ਼ਾਂਤ ਹੋਇਆ ਦਹਿਕਦਾ ਅੰਗਿਆਰ
ਹੁਣ ਬਚੀ ਰਾਖ ਨੂੰ ਛਾਣ ਕੇ ਕੀ ਪੁੱਛ ਰਹੇ ਹੋ ਹਜ਼ੂਰ

ਕਰ ਪਰਿਕਰਮਾ, ਖੰਭ ਜਲਾ, ਭੌਰਾ ਹੋ ਗਿਆ ਖਾਮੋਸ਼
ਗਲੇ ਤਾਈਂ ਮੱਚ ਰਹੀ ਹੈ ਇੱਕ ਲਾਟ ਮਗ਼ਰੂਰ

ਤਪਦੀ ਧੁੱਪ ਬਲ਼ਦੇ ਰਾਹ ਨੰਗੇ ਪੈਰਾਂ ਦਾ ਸਫ਼ਰ
ਹਰਫ਼ ਲਹੂ ਦੇ ਲਿਖੇ ਸ਼ਾਇਰ, ਕਿੰਝ ਹੋਣੈ ਮਸ਼ਹੂਰ।

## ਰਿਹਾ ਨਾ ਹੁਣ ਉਹ ਰਿਸ਼ਤਾ

ਰਿਹਾ ਨਾ ਹੁਣ ਉਹ ਰਿਸ਼ਤਾ ਦੋਸਤੀ ਵਰਗਾ
ਬੜਾ ਕੁਝ ਹੋ ਗਿਆ ਏ ਦੁਸ਼ਮਣੀ ਵਰਗਾ

ਸਿਫ਼ਰ ਜਾਂ ਅਸੀਮ ਵਾਂਗੂੰ ਉਹ ਨਹੀਂ ਮਿਲਿਆ
ਰਹਿੰਦਾ ਰਿਹਾ ਉਹ ਬਣਕੇ ਚੇਪੜੀ ਵਰਗਾ

ਉਸਦੇ ਸ਼ਹਿਰ ਵਿੱਚੋਂ ਜ਼ਿੰਦਗੀ ਮਿਲੀ ਸੀ
ਉੱਥੋਂ ਹੀ ਮੋੜ ਮਿਲਿਆ ਖੁਦਕਸ਼ੀ ਵਰਗਾ

ਹੁੰਦਾ ਨਾ ਖਿਆਲ ਤੇਰਾ ਕਦ ਦੇ ਤਿਲਕ ਜਾਂਦੇ
ਰਾਹਾਂ 'ਚ ਬਹੁਤ ਕੁੱਝ ਮਿਲਿਆ ਜ਼ਿੰਦਗੀ ਵਰਗਾ

ਬੇਹਿਸਾਬਿਆਂ ਤੋਂ ਕਦੇ ਹਿਸਾਬ ਪੁੱਛ ਕੇ ਦੇਖੀਂ
ਨਿਭਾਉਂਦੇ ਨੇ ਉਹ ਰਿਸ਼ਤਾ ਮੈਅਕਸ਼ੀ ਵਰਗਾ।

## ਖ਼ਾਬ

ਮੇਰਾ ਦਿਲ ਸਜਾ ਰਿਹਾ ਹੈ ਫਿਰ ਨਵਾਂ ਕੋਈ ਖ਼ਾਬ
ਨਾਲ ਨਾਲ ਸਹਿ ਰਿਹਾ ਪੁਰਾਣੇ ਜ਼ਖ਼ਮਾਂ ਦੀ ਤਾਬ

ਅਜੀਬ ਫ਼ਿਤਰਤ ਹੈ ਇਸਦੀ ਇਹ ਖ਼ੁਸ਼ੀਆਂ ਦੀ ਕਰੇ ਆਸ
ਕਰ ਕੇ ਅੱਖਾਂ ਨਮ, ਲੈ ਕੇ ਹੱਥ 'ਚ ਗ਼ਮਾਂ ਦੀ ਕਿਤਾਬ

ਬੇਵਫ਼ਾ ਦੇ ਜਾਣ ਮਗਰੋਂ ਗਿਆ ਹੋਰ ਮਹਿਬੂਬ ਮਿਲ
ਮੋਟੀ ਮੋਟੀ ਅੱਖ ਹੈ ਉਸਦੀ ਡੁੱਲ੍ਹ ਡੁੱਲ੍ਹ ਪਵੇ ਸ਼ਬਾਬ

ਮੈਥੋਂ ਦੂਰ ਹੋਣ ਦਾ ਉਹ ਪਲ ਨਾ ਜਰੇ ਵਿਛੋੜਾ
ਰੂਹ ਤੋਂ ਕਰੇ ਮੁਹੱਬਤ ਮੈਨੂੰ ਕਰੇ ਵੀ ਬੇ-ਹਿਸਾਬ

ਅੱਖੀਆਂ ਵੱਲ ਤੱਕ ਦਿਲਬਰ ਦੇ ਮੈਨੂੰ ਜਾਵੇ ਚੜ੍ਹ ਸਰੂਰ
ਜਿਉਂ ਸੋਫੀ ਨੂੰ ਕਰੇ ਸ਼ਰਾਬੀ ਘਰ ਦੀ ਕੋਈ ਸ਼ਰਾਬ

ਇੰਝ ਹੈ ਘਿਰਿਆ ਵਿੱਚ ਵਿਕਾਰਾਂ ਸੱਜਣਾ ਹੁਣ 'ਮਨਜੀਤ'
ਜਿਉਂ ਖ਼ਾਰਾਂ ਨਾਲ ਘਿਰਿਆ ਹੁੰਦਾ ਸੂਹਾ ਕੋਈ ਗ਼ੁਲਾਬ।

## ਰਣਖੇਤਰ

ਚੁਬਾਰੇ ਦੀ ਏ.ਸੀ. ਖਿੜਕੀ ਚੋਂ
ਜਦ ਧੁਖਦਾ ਦਿਖਦਾ ਏ
ਕਿਸੇ ਦੂਰ ਬਲਦੇ ਚੁੱਲ੍ਹੇ ਦਾ ਧੂੰਆਂ
ਕੁਝ ਲੋਕਾਂ ਦੇ ਮਨ 'ਚ
ਖਿਆਲ ਆਉਂਦਾ
ਰੋਟੀ ਅਧ ਜਲੀ ਏ
ਘਸੇ ਤਵੇ 'ਤੇ ਪਈ
ਚਲੋ ਕਵਿਤਾ ਲਿਖੀਏ
ਹੋ ਜਾਈਏ ਗਰੀਬ ਦੇ ਦਰਦ 'ਚ ਸ਼ਾਮਲ

ਪਹਾੜ ਦੀ ਚੋਟੀ 'ਤੇ ਖੜ੍ਹ
ਜਦ ਦਿਖਦਾ ਏ
ਦੂਰ ਤਕ ਫੈਲਿਆ ਧੂੰਆਂ
ਅਸਮਾਨ 'ਚ ਮੰਡਰਾਉਂਦੀਆਂ ਗਿਰਝਾਂ
ਕੁਝ ਲੋਕਾਂ ਦੇ ਮਨ 'ਚ ਖਿਆਲ ਆਉਂਦਾ ਏ
ਕਵਿਤਾ ਦਾ ਕੀ ਲਿਖਣਾ
ਚਲੋ ਪਹਿਲਾਂ ਦਬੋਚੀਏ ਗਿਰਝਾਂ
ਹੋ ਜਾਈਏ ਗਰੀਬ ਦੇ ਦਰਦ 'ਚ ਸ਼ਾਮਲ।

## ਲਹਿਰਾਂ

ਅਸੀਂ ਲਹਿਰਾਂ ਦੀ ਤਰ੍ਹਾਂ
ਟਕਰਾ ਕੇ ਚੱਟਾਨਾਂ ਨਾਲ
ਪਰਤ ਜਾਂਦੇ ਰਹੇ ਹਾਂ
ਵਾਰ ਵਾਰ ਵਾਪਸ

ਤੇ ਉਹ
ਹਾਂ ਉਹ
ਜਸ਼ਨ ਮਨਾ ਲੈਂਦੇ ਰਹੇ ਨੇ
ਸਾਡੀਆਂ ਹਾਰਾਂ ਦੇ

ਅੱਜ ਲਹਿਰਾਂ ਨੇ
ਰੂਪ ਧਾਰ ਲਿਆ ਤੂਫ਼ਾਨਾਂ ਦਾ
ਅੱਜ ਅਸੀਂ ਫੇਰ ਆਏ ਹਾਂ
ਚੱਟਾਨਾਂ ਨਾਲ ਟਕਰਾਉਣ ਲਈ

ਸਾਨੂੰ ਪਤਾ ਹੈ
ਹਾਂ ਪਤਾ ਹੈ
ਚੱਟਾਨਾਂ ਵਿੱਚ ਏਨੀ ਤਾਕਤ ਨਹੀਂ
ਕਿ ਰੋਕ ਸਕਣ ਤੂਫ਼ਾਨਾਂ ਦਾ ਰਸਤਾ।

## ਜਵਾਲਾਮੁਖੀ

(ਇਨਕਲਾਬੀ ਕਵੀ ਪਾਸ਼ ਦੇ ਜਨਮ ਦਿਨ ’ਤੇ)

ਮੈਂ ਕਿਸੇ ਵੇਲੇ ਵੀ ਫਟ ਸਕਦਾ ਹਾਂ
ਸ਼ਾਮ-ਸਵੇਰੇ
ਦੁਪਹਿਰੇ
ਅੱਧੀ ਰਾਤ ਨੂੰ

ਮੈਂ ਕਿਤੇ ਵੀ ਫਟ ਸਕਦਾ ਹਾਂ
ਰਾਜਧਾਨੀ ’ਚ
ਅਸੈਂਬਲੀ ਹਾਲ ਅੰਦਰ
ਕੋਰਟ ਕਚਿਹਰੀ
ਕਿਸੇ ਬਾਬੂ ਦੇ ਦਫ਼ਤਰ ’ਚ
ਤੁਹਾਡੇ ਅੰਦਰ ਬਾਹਰ
ਚਾਰ ਚੁਫੇਰੇ

ਮੈਂ ਕਿਤੋਂ ਵੀ ਫਟ ਸਕਦਾ ਹਾਂ
ਧਰਤੀ
ਅਸਮਾਨ
ਸਮੁੰਦਰ ’ਚੋਂ

ਮੈਂ ਜਦ ਵੀ ਫਟਿਆ ਹਾਂ
ਕਿਸੇ ਤੋਂ ਇਜਾਜ਼ਤ ਨਹੀਂ ਲਈ
ਫਟਣ ਲਈ ਥਾਂ ਨਹੀਂ ਮੰਗੀ
ਫਟਣ ਦਾ ਵੇਲਾ ਨਹੀਂ ਪੁੱਛਿਆ

ਮੈਂ ਫਟਿਆ
ਹਕੂਮਤ ਨੰਗੀ ਹੋ ਗਈ
ਲੱਭਦੀ ਰਹੀ ਬਹਾਨੇ
ਮੈਨੂੰ ਫਾਹੇ ਲਾਉਣ ਦੇ
ਕੀਤੀਆਂ ਗੋਲਮੇਜ਼ ਕਾਨਫਰੰਸਾਂ
ਹਿੱਲਿਆ ਤਖ਼ਤ ਗਾਂਧੀ ਦਾ

ਡੋਲਿਆ ਤਖ਼ਤ ਅੰਗਰੇਜ਼ ਦਾ
ਤੁਹਾਨੂੰ ਯਾਦ ਹੋਵੇਗਾ
ਸਪਾਰਟਾਕਸ
ਰੋਮ ਦੇ ਗੁਲਾਮਾਂ ਦੀ ਬਗਾਵਤ
ਰੂਸੀ ਇਨਕਲਾਬ
ਅਜ਼ਾਦ ਹਿੰਦ ਫੌਜ

ਹਿਮਾਲਿਆ ਮੇਰੇ ਫਟਣ ਦਾ ਨਤੀਜਾ ਹੈ
ਤੇ ਮੇਰੀ ਸਿਰਜਣਾ ਵੀ

ਹਾਂ ਮੈਂ ਜਵਾਲਾਮੁਖੀ ਹਾਂ
ਕਿਸੇ ਵੇਲੇ ਵੀ ਫਟ ਸਕਦਾ ਹਾਂ।

## ਬੱਦਲੀ

ਬੱਦਲੀ ਫੇਰ ਵਰ੍ਹ ਰਹੀ ਹੈ
ਉੱਛਲਦੇ ਸਮੁੰਦਰ ਉੱਤੇ

ਬੱਦਲੀ ਏਸੇ ਭਰਮ 'ਚ ਹੈ
ਕਿ ਉਹ ਬੁਝਾ ਰਹੀ ਹੈ
ਸਮੁੰਦਰ ਦੀ ਪਿਆਸ
ਰੋਮ ਰੋਮ ਸਮਾ ਰਹੀ ਹੈ
ਸਮੁੰਦਰ ਦੇ ਵਜੂਦ ਅੰਦਰ

ਬੱਦਲੀ ਨੂੰ ਨਹੀਂ ਪਤਾ
ਕਿ ਰੋਜ਼ ਹੀ ਸਮੁੰਦਰ
ਨਿਗਲ਼ ਜਾਂਦਾ ਹੈ ਵਜੂਦ
ਕਿੰਨੀਆਂ ਬੱਦਲੀਆਂ ਦਾ

ਬੱਦਲੀ ਤਾਂ ਏਸੇ ਭਰਮ 'ਚ ਹੈ
ਕਿ ਸਮੁੰਦਰ ਨੂੰ ਹੈ ਤੜਫ
ਉਸਦੇ ਮਿਲਾਪ ਦੀ
ਬੱਦਲੀ ਤਾਂ ਏਸੇ ਭਰਮ 'ਚ ਹੈ
ਕਿ ਪਿਆਸ ਬੁਝਾਉਣ ਦਾ ਅਰਥ
ਕਿਸੇ 'ਤੇ ਬਰਸ ਜਾਣਾ ਹੈ

ਕਾਸ਼ ਬੱਦਲੀ ਵਰ੍ਹ ਜਾਂਦੀ
ਇੱਕ ਵਾਰ ਤਪਦੇ ਮਾਰੂਥਲ 'ਤੇ
ਜਾਣ ਜਾਂਦੀ ਪਿਆਸ ਦੇ ਅਰਥ
ਬੱਦਲੀ ਜਾਣ ਜਾਂਦੀ
ਕਿ ਪਿਆਸ ਬੁਝਾਉਣ ਲਈ
ਕਿੰਨਾ ਜ਼ਰੂਰੀ ਹੁੰਦਾ ਹੈ
ਆਪਣੇ ਵਜੂਦ ਦਾ ਕਾਇਮ ਹੋਣਾ
ਤੇ ਬੱਦਲੀ ਇਹ ਵੀ ਜਾਣ ਜਾਂਦੀ
ਕਿ ਹਵਸ ਤੇ ਪਿਆਸ 'ਚ
ਹੁੰਦੈ ਕਿੰਨਾ ਅੰਤਰ

ਬੱਦਲੀ ਫੇਰ ਵਰ੍ਹ ਰਹੀ ਹੈ
ਉੱਛਲਦੇ ਸਮੁੰਦਰ ਉੱਤੇ।

## ਵਾਹਗਾ ਬਾਰਡਰ

ਝੰਡਾ ਉਤਾਰਨ ਦੀਆਂ ਰਸਮਾਂ
ਤਮਾਸ਼ਬੀਨ ਲੋਕ
ਭੜਕੀਲੇ ਨਾਹਰੇ
ਹਿੰਦੁਸਤਾਨ ਜ਼ਿੰਦਾਬਾਦ
ਪਾਕਿਸਤਾਨ ਮੁਰਦਾਬਾਦ
ਭਾਰਤ ਮਾਤਾ ਕੀ ਜੈ
ਭੜਕੀਲੀਆਂ ਟਿੱਪਣੀਆਂ
ਫਿਰਕੂ ਕੋਝੇ ਵਿਅੰਗ
ਸਰਹੱਦ ਦਾ ਪੱਥਰ
ਉਰਲੇ ਪਾਸੇ ਭਾਰਤ
ਪਰਲੇ ਪਾਸੇ ਪਾਕਿਸਤਾਨ
ਪੱਥਰ ਦੀ ਪਰਿਕਰਮਾ
ਪਰਿਕਰਮਾ ਦੇ ਅਰਥ
ਕਦਮ ਰੱਖਣਾ
ਇੱਕ ਦੂਜੇ ਦੀ ਸਰਜ਼ਮੀਨ 'ਤੇ
ਫਿਰ ਮੁੜ ਆਉਣਾ
ਫੌਜੀ ਸੰਗੀਨਾਂ ਦੇ ਸਾਏ ਹੇਠ
ਜਸੂਸੀ ਨਜ਼ਰਾਂ ਦੇ ਪਹਿਰੇ ਹੇਠ
ਆਪਣੀ ਸਰਜ਼ਮੀਨ 'ਤੇ
ਬੇਖੌਫ਼ ਪੰਛੀਆਂ ਦੀ ਡਾਰ
ਟੱਪਦੀ ਹੈ ਵਾਹਗਾ ਬਾਰਡਰ
ਬਾਰਡਰ ਮਨੁੱਖ ਲਈ ਹੀ ਕਿਉਂ
ਕਿਉਂ ਕੋਈ ਡੱਕਣਾ ਚਾਹੁੰਦਾ ਹੈ
ਮਨੁੱਖ ਦੀ ਪਰਵਾਜ਼
ਕਿਸ ਦੀ ਸਾਜਿਸ਼ ਹੈ ਇਹ?

## ਪਵਿੱਤਰ ਬੰਧਨ

1.
ਲੱਗੀ ਮੰਡੀ ਪਸ਼ੂਆਂ ਦੀ
ਡੰਗਰ ਲਿਆਵੋ ਦੋ
ਇੱਕੋ ਖੁਰਲੀ ਬੰਨ੍ਹੋ
ਕੁੱਝ ਦਿਨ ਓਪਰਾਪਣ
ਖਰੋਲ਼ੇ ਮਾਰਨ
ਰੱਸੇ ਤੁੜਾਉਣ
ਹੌਲ਼ੀ ਹੌਲ਼ੀ ਚੁੱਪ ਹੋ ਜਾਣ
ਫੇਰ ਕਦੇ ਨਾ ਖਰੂਦ ਮਚਾਉਣ
ਮਰਦੇ ਦਮ ਤੱਕ
ਰਹਿੰਦੇ ਰਲ਼ ਕੇ ਕੱਠੇ

2.
ਰਸਮ ਰਿਵਾਜ ਸਭ ਨਿਭਾ
ਇੱਕੋ ਕਿੱਲੇ
ਚੇਤਨ ਬੰਦੇ
ਬੱਝੇ ਰਲ਼ ਕੇ ਦੋ
ਕੁੱਝ ਦਿਨ ਕਰਨ ਡਰਾਮੇ
ਤੂੰ ਮੇਰੀ ਮੈਂ ਤੇਰਾ
ਜਨਮ ਜਮਾਂਤਰ ਸਾਥ ਨਿਭਾਂਗੇ
ਖਿਆਲੀ ਸੁਪਨੇ ਪਾਲਣ
ਜੀਣ ਦਾ ਮਕਸਦ ਇੱਕ ਨਹੀਂ ਜੇ
ਖਿਆਲੀ ਵਾਹਦੇ ਹੋ ਜਾਣ ਉਡੰਤਰ
ਮਨ ਮਾਰ ਕੇ ਜ਼ਿੰਦਗੀ ਧੂਹਣ
ਲਿੱਪ ਪੋਚ ਸਜ ਸੰਵਰ
ਇੱਕ ਦੂਜੇ ਸਾਹਵੇਂ ਆਵਣ
ਹੁਣ ਉਮਰ ਭਰ ਲਈ
ਚਾਹੇ ਰੱਖੋ ਕੱਠੇ
ਖਰੋਲ਼ੇ ਮਾਰਨ
ਖਰੂਦ ਮਚਾਉਣ
ਇੱਕ ਜੇਲ੍ਹ ਦੇ ਕੈਦੀ ਬਣ
ਬੰਦੇ ਕੱਠੇ ਰਹਿੰਦੇ ਦੋ।

## ਪੁਰਖਿਓ

ਪੁਰਖਿਓ
ਸਲਾਮ ਏ ਤੁਹਾਨੂੰ
ਤੁਸਾਂ ਨਸਲਾਂ ਦੇ ਝੁੰਡ 'ਚੋਂ
ਵਕਤ ਨਾਲ ਘੁਲ਼ਦਿਆਂ
ਨਿੱਖਰ ਆਏ
ਨਵੀਂ ਨਸਲ ਬਣ
ਪਿੱਛੇ ਛੱਡ ਆਏ ਬਣਮਾਣਸਾਂ ਦੇ ਝੁੰਡ

ਬਣਮਾਣਸ ਤੁਰ ਪਏ
ਪਿੱਛਾ ਕਰਨ ਤੁਹਾਡਾ
ਸੁਧਰੇ ਪਸ਼ੂਆਂ ਦਾ ਲੈ ਸਹਾਰਾ
ਕਰ ਤਾਂ ਕੁੱਝ ਵੀ ਨਈਂ ਸਕੇ
ਨਕਲਚੀਏ ਜ਼ਰੂਰ ਬਣਗੇ

ਅੱਤ ਚੁੱਕ ਲਈ ਨਕਲਚੀਆਂ
ਚੰਨ ਤਾਰਿਆਂ ਨਾਲ ਹੇਜ ਨਹੀਂ
ਹੇਜ ਪਸ਼ੂਤਾ ਨਾਲ
ਕੁੱਝ ਕੁ ਅਣਸੁਧਰੇ ਪਸ਼ੂਆਂ ਨਾਲ

ਪੁਰਖਿਓ ਤੁਸੀਂ ਤੇ ਅਸੀਂ ਵੀ
ਲਾਇਕ ਵੀ ਤਾਂ ਏਸੇ ਇੱਜ਼ਤ ਦੇ ਹਾਂ
ਕਦੋਂ ਘੱਟ ਵਿਚਰੇ ਆਂ ਦਮਘੁਟੀ 'ਚ
ਜੀਭ ਕੱਢੀ ਏ ਇਤਿਹਾਸ ਨੂੰ
ਪਸ਼ੂ-ਪੂਜ ਦੰਭੀ ਬੂਬਨਿਆਂ ਨੂੰ
ਵਕਤ ਦੇ ਮੋਢਿਆਂ 'ਤੇ ਲੱਦ
ਕਰਦੇ ਰਹੇ ਪਤਾਲ ਅਸਮਾਨ ਦੀਆਂ ਯਾਤਰਾਵਾਂ

ਪਰ ਸਾਡੇ ਕੋਲ਼
ਹੈ ਫਿਰ ਵੀ ਇੱਕ ਮੌਕਾ
ਕਿ ਦੇ ਦੇਈਏ ਡੰਡਾ
ਵਕਤ ਦੇ ਪਹੀਏ ਦੀਆਂ ਤਾਰਾਂ 'ਚ

ਪੁਰਖਿਓ
ਸਲਾਮ ਏ ਤੁਹਾਨੂੰ
ਨਸਲ ਦਰ ਨਸਲ
ਤੁਸੀਂ ਵੀਂ ਵਿਗਸੇ
ਅਸੀਂ ਵੀ ਵਿਗਸ ਰਹੇ ਹਾਂ ਬਾਂਦਰਾਂ 'ਚ।

## ਬਾਂਦਰ

ਪਾਪਾ
ਇਹ ਬਾਂਦਰ ਕੌਣ ਹੁੰਦੇ ਨੇ

ਆਪਣੇ ਪੂਰਵਜ

ਇਹ ਰਹਿੰਦੇ ਕਿੱਥੇ ਨੇ

ਬੋਹੜਾਂ ਤੇ ਪਿੱਪਲਾਂ ਦੀਆਂ ਟਾਹਣੀਆਂ 'ਤੇ
ਡੇਰੇ ਸਮਾਧਾਂ 'ਚ

ਪਾਪਾ
ਇਹ ਬੰਦੇ ਕਿਉਂ ਨਈਂ ਬਣਦੇ

ਕੋਸ਼ਿਸ਼ ਪੂਰੀ ਕਰਦੇ ਨੇ ਪੁੱਤ
ਛਾਲਾਂ ਮਾਰ ਚੜ੍ਹ ਜਾਂਦੇ ਨੇ
ਮਦਾਰੀਆਂ ਦੇ ਮੋਢਿਆਂ 'ਤੇ
ਕਈ ਤਾਂ ਜੂੰਆਂ ਦੀ ਤਾਂਘ 'ਚ ਮਗਨ ਹੋ ਜਾਂਦੇ ਨੇ
ਕਈ ਜੂੰਆਂ ਬਾਰੇ ਸੋਚਦੇ ਰਹਿੰਦੇ ਨੇ
ਕਈ ਇਉਂ ਵੀ ਸੋਚਦੇ ਨੇ
ਅਸੀਂ ਬੰਦੇ ਕਿਉਂ ਨਈਂ ਬਣੇ
ਕਈ ਵਿਚਾਰੇ ਓਦਰਦੇ ਨੇ
ਜ਼ਿੰਦਗੀ ਨੇ ਕਈ ਮੌਕੇ ਦਿੱਤੇ ਸੀ ਬੰਦੇ ਬਣਨ ਦੇ

ਮਦਾਰੀ ਵਗਾਹ ਮਾਰਦੇ ਨੇ ਮੋਢਿਆਂ ਤੋਂ
ਚਲੋ ਸਾਲੇ ਬਾਂਦਰ
ਰਹਿ ਗਏ ਉਹੀ
ਬੋਹੜਾਂ ਪਿੱਪਲਾਂ ਡੇਰਿਆਂ ਜੋਗੇ।

## ਚੰਨ

1.
ਕੀ ਦੇਖਦੇ ਹੋ
ਸਫ਼ਰ ਜ਼ਿੰਦਗੀ ਦਾ
ਜੇ ਪੈਰ ਨਾ ਹੋਣ
ਗੋਡੇ ਤੈਅ ਕਰਨਗੇ
ਜੇ ਗੋਡੇ ਨਾ ਹੋਏ
ਦਿਮਾਗ ਤੈਅ ਕਰੂਗਾ
ਪਾਊ ਪੈੜਾਂ
ਦੱਸ ਦੇਵੇਗਾ ਚੰਨ 'ਤੇ ਪਏ ਦਾਗ
ਕਿਸੇ ਬੂਬਣੇ ਦੀ ਧੋਤੀ ਨੇ ਨਹੀਂ ਪਾਏ
ਅਚਨਚੇਤ ਨਹੀਂ ਹੋਈ ਕੰਨਿਆ ਗਰਭਵਤੀ

2.
ਤੁਸੀਂ ਕੌਣ ਹੋ
ਚੰਨ ਨੂੰ ਦਾਗੀ ਕਹਿਣ ਵਾਲਿਓ
ਇਹ ਬਗਲੀ ਨਹੀਂ
ਚੰਨ ਦੀ ਇਬਾਦਤ ਹੈ
ਕਦੇ ਮੇਰੀਆਂ ਨਜ਼ਰਾਂ ਨਾਲ਼ ਦੇਖਿਓ ਚੰਨ
ਉਂਞ ਤੁਹਾਨੂੰ ਦੇਖਣ ਹੀ ਨਹੀਂ ਦਿੰਦਾ ਚੰਨ
ਮਿਥਿਹਾਸ ਦਾ ਕੂੜਾਦਾਨ।

## ਸਿਫ਼ਰਾਂ ਦਾ ਮੁਜੱਸਮਾ

ਵੱਡੀ ਸਿਫ਼ਰ ਛੋਟੀਆਂ ਨੂੰ
ਤੁਸੀਂ ਹੋ ਜ਼ੀਰੋ
ਪਿਛਲੇ ਪੰਜ ਸਾਲ ਤੋਂ
ਜ਼ੀਰੋ ਤੁਹਾਡਾ ਕੰਮ

ਛੋਟੀਆਂ ਸਿਫ਼ਰਾਂ ਵੱਡੀ ਨੂੰ
ਸਿਫ਼ਰਾਂ 'ਚ ਰਹਿ
ਅਸੀਂ ਪੰਜ ਸਾਲ ਤੋਂ ਜ਼ੀਰੋ
ਤੂੰ ਤੀਹ ਸਾਲ ਤੋਂ ਜ਼ੀਰੋ
ਜ਼ੀਰੋ ਵਾਂਗ ਹੀ ਹੋ ਜਾਵੇਂਗੀ ਮੁਕਤ
ਆਖਰੀ ਵਕਤ ਹੁਣ ਇਸ ਧਰਤੀ ਤੋਂ

ਨਵੀਂ ਸਿਫ਼ਰ
ਮੈਂ ਤਾਂ ਹੋਈ ਹਾਂ
ਨਵੀਂ ਭਰਤੀ ਤੁਹਾਡੇ 'ਚ
ਪਰ ਲੱਭ ਰਹੀਂ ਹਾਲੇ
ਸ਼ਾਇਦ ਮਿਲ ਜਾਵੇ ਕੋਈ ਹਿੰਦਸਾ।

## ਮਖੌਟੇ

1.
ਮਾਫ਼ ਕਰਿਓ
ਗੈਰਹਾਜ਼ਰ ਹੋ ਜਾਨਾਂ
ਅਕਸਰ ਤੁਹਾਡੇ ਚੇਤਿਆਂ ਚੋਂ
ਮਹਿਫ਼ਲਾਂ ਚੋਂ
ਕੋਸ਼ਿਸ਼ ਤਾਂ ਹੁੰਦੀ ਏ
ਸਿਰੇ ਤੱਕ ਨਿਭਾਂ
ਕਦੇ ਪਾਣੀ
ਕਦੇ ਪੋਚਾ
ਕਦੇ ਸ਼ੀਸ਼ਾ
ਕਦੇ ਚਿਰਾਗ ਬਣਕੇ
ਮਖੌਟੇ ਆ ਜਾਂਦੇ ਨੇ ਵਿਚਕਾਰ
ਮਖੌਟੇ ਵਿਚਰਦੇ ਨੇ
ਕਦੇ ਸਿਰਾ
ਕਦੇ ਸਿਫ਼ਰ
ਕਦੇ ਬਣ ਜਾਂਦੇ ਨੇ ਸੂਰੇ

2.
ਕਦੇ ਤੂੰ ਵੀ ਤਾਂ ਮਿਲਿਆ ਕਰ
ਨੰਗੇ ਸੱਚ ਵਾਂਗ
ਲਾਹ ਕੇ ਮਖੌਟੇ
ਕਦੇ ਚਾਹਤ
ਕਦੇ ਕਸ਼ਿਸ਼
ਕਦੇ ਮਹਿਬੂਬ ਬਣ ਕੇ।

## ਪਛਾਣ

ਮੰਗਲ ਗ੍ਰਹਿ ਦਾ ਟੂਰ
ਕਿੱਥੋਂ ਦੇ ਵਾਸੀ ਹੋ
ਜਨਾਬ ਧਰਤੀ ਦੇ

ਅਮਰੀਕਾ ਦਾ ਸਫਰ
ਜਨਾਬ ਕਿੱਥੋਂ ਦੇ ਨਿਵਾਸੀ ਹੋ
ਜਨਾਬ ਇੰਡੀਆ ਦੇ

ਦਿੱਲੀ ਘੁੰਮਣ ਗਏ
ਜਨਾਬ ਕਿੱਥੋਂ ਦੇ ਵਾਸੀ ਹੋ
ਜੀ ਪੰਜਾਬੀ
ਮਤਬਲ ਮਾਨਸਾ ਵਾਲੇ

ਮਾਨਸਾ ਖਾਧੇ ਕੁਲਚੇ
ਜਨਾਬ ਪਿੰਡ ਕਿਹੜੈ
ਜੀ ਕੋਟੜਾ

ਕੋਟੜੇ ਵਿਆਹ
ਤੁਸੀਂ ਕੌਣ ਹੁੰਦੇ ਹੋ
ਪਾਲੀ ਕੇ
ਮਤਬਲ ਸਿੱਖਾਂ ਦਾ ਲਾਣਾ

ਲਾਣੇ ਦਾ ਕੱਠ
ਲੰਡੂ ਜੀ ਨੰਬਰਦਾਰੀ ਪਿੱਛੇ
ਹੁਣ ਤੇਰੇ ਬੁੜਕਣ 'ਚ ਕੌਣ ਬੋਲਦੈ
ਜੀ ਸ਼ੇਰ ਫੌਜੀ
ਪਿਓ।

## ਸ਼ਿੰਗਾਰਾ

ਹੱਸਦਾ ਖੇਡਦਾ ਮੁੰਡਾ
ਸੋਹਣਾ ਵੀ ਲੱਗਦਾ
ਦਿਹਾੜੀ ਕਰਦਾ
ਮੱਖਣ ਮਿਸਤਰੀ ਨਾਲ
ਪੁੱਠ ਵੀ ਸਿਰੇ ਦੇ ਮਜ੍ਹਬੀਆਂ ਵਾਲੀ
ਕੰਮ ਨੂੰ ਤਾਂ ਬੱਸ ਟਿੱਚ ਜਾਣਦਾ
ਜਿਵੇਂ ਜੰਗਲ਼ ਚੋਂ ਫੜ ਬਾਂਦਰ ਧੂ ਲੋ

ਗੁਰਦਵਾਰੇ ਧੁੱਤੂ ਜਾ ਵੱਜਿਆ
ਖੁੱਲ੍ਹ ਗਈ ਹੈ ਟਪੇਲ ਫੈਕਟਰੀ
ਆਜੋ ਵਧੀਆ ਕੰਮ ਵਾਲੇ ਮੁੰਡੇ
ਦਿਹਾੜੀ ਆਥਣ ਨੂੰ ਖਰੀ
ਕੰਮ ਬੱਸ ਸੜਕਾਂ ਬਣਾਉਣੀਆਂ

ਪਹੁੰਚ ਗਿਆ ਸ਼ਿੰਗਾਰਾ ਵੀ ਸੁਪਨਿਆਂ ਸਮੇਤ
ਅਖੇ ਕਰ ਦਿਆਂ ਵਿਹਲਾ ਪਿਓ ਗੰਗਣ
ਨਾਲੇ ਹੋ ਜਾਊ ਵਿਆਹ ਚੱਜ ਦਾ

ਫੈਕਟਰੀ ਸਿਰ 'ਤੇ ਚੱਕਲੀ ਸ਼ਿੰਗਾਰੇ ਨੇ
ਦਿਨ ਰਾਤ ਕੰਮ ਤੇ ਸੁਪਨੇ
ਸੁਪਨਿਆਂ 'ਚ ਗਵਾਚਾ ਇੱਕ ਦਿਨ
ਆ ਗਿਆ ਰੋੜੀ-ਕੁੱਟਣੇ ਹੇਠ

ਸੁਪਨਾ ਤਿੜਕਿਆ
ਸ਼ਿੰਗਾਰਾ ਇੱਕ ਲੱਤ ਨਾਲ
ਤਿਲਮਿਲਾ ਰਿਹਾ ਸੀ ਪੀਜੀਆਈ

ਫੈਕਟਰੀ ਸੈਕਟਰੀ ਲਿਆਇਆ ਪਰਪੋਜਲ
ਇਲਾਜ ਤੇਰਾ ਮਾਲਕਾਂ ਸਿਰ
ਪੜ੍ਹਿਆ ਤਾਂ ਤੂੰ ਹੈਂ
ਬੱਸ ਹਾਜ਼ਰੀ ਲਾ ਦਿਆ ਕਰੀਂ
ਤੇਰੇ ਇਲਾਜ ਦਾ ਤਿੰਨ ਲੱਖ
ਤੇਰੀ ਤਨਖਾਹ ਚੋਂ ਕਟਾ ਦਿਆਂਗੇ ਕਿਸ਼ਤਾਂ 'ਚ

ਸ਼ਿੰਗਾਰਾ ਬਾਗੋ ਬਾਗ
ਮੁੜ ਆਇਆ ਕੰਮ 'ਤੇ ਇੱਕ ਲੱਤ ਨਾਲ਼
ਇੱਕ ਲੱਤ ਵਾਲੇ ਸੁਪਨਿਆਂ ਸਮੇਤ।

## ਕਵਿਤਾ

ਕਵਿਤਾ ਇਹ ਨਹੀਂ ਹੁੰਦੀ
ਦਿਲ 'ਚ ਉੱਠਣ ਸਿਰਫ ਖਿਆਲ

ਕਵਿਤਾ ਸਿਰ ਚੜ੍ਹ ਬੋਲਦੀ ਹੈ
ਆਓ ਮੈਦਾਨ ਖਾਲੀ ਹੈ
ਪੁੱਛਦੀ ਹੈ
ਸਾਡੀ ਆਲੋਚਨਾ ਤੋਂ ਪਹਿਲਾਂ
ਤੁਸੀਂ ਵੱਡੇ ਸੀ
ਜਾਂ ਆਲੋਚਨਾ ਕਾਰਨ ਤੁਸੀਂ ਹੋ ਵੱਡੇ

ਕਵਿਤਾ ਮੌਤ ਦਾ ਤਾਂਡਵ ਨਾਚ ਹੈ
ਵੰਗਾਰਦੀ ਹੈ ਸਪੂਤਾਂ ਨੂੰ
ਕਿ ਸ਼ਾਇਰ ਹੋ
ਹਥਿਆਰ ਵੀ ਬਣਾਓ
ਮੁਸ਼ਾਇਰਿਆਂ ਤੇ ਡਾਇਰੀਆਂ ਦੇ ਸ਼ਬਦ।

## ਬੱਚੇ

1.
ਤੁਹਾਡੇ ਘਰ ਕੌਣ ਕੰਮ ਕਰਦੈ
ਇੱਕ ਘਰੇਲੂ ਨੌਕਰ
ਬਦਜ਼ੁਬਾਨ ਬੇਕਾਰ
ਪਰ ਹੈ ਗਰੀਬ

ਤੁਹਾਡੇ ਘਰ ਕੌਣ ਕੰਮ ਕਰਦੈ
ਇੱਕ ਵਧੀਆ ਨੌਕਰ
ਚਾਹੇ ਹੈ ਗਰੀਬ

ਤੁਹਾਡੇ ਬੱਚੇ ਕਿੱਥੇ ਪੜ੍ਹਦੇ ਨੇ
ਪੁੱਛੋ ਨਾ ਜੀ
ਇੰਡੀਆ ਦੇ ਸਭ ਤੋਂ ਮਹਿੰਗੇ ਸਕੂਲ

ਤੁਹਾਡੇ ਬੱਚੇ ਕਿੱਥੇ ਪੜ੍ਹਦੇ ਨੇ
ਤੁਹਾਡੇ ਬੱਚਿਆਂ ਨਾਲ
ਸਨਾਵਰ ਸਕੂਲ

ਚਿੰਤਾ ਤਾਂ ਰਹਿੰਦੀ ਏ ਆਪਣੇ ਬੱਚਿਆਂ ਦੀ
ਐਨੀ ਜ਼ਿਆਦਾ ਕਮਾਈ ਕਰਕੇ
ਭੇਜੇ ਨੇ ਸਨਾਵਰ ਸਕੂਲ
ਕਿਤੇ ਤਣ ਪੱਤਣ ਹੀ ਨਾ ਲੱਗਣ
ਵਿਗੜ ਹੀ ਨਾ ਜਾਣ

2.
ਬੱਚਿਆਂ ਦਾ ਕੀ ਹੈ
ਜੰਮਦੇ ਥੋੜ੍ਹਾ ਨਾਨਕ ਬਣ ਜਾਣਗੇ
ਇਹ ਤਾਂ ਘੱਟਾ ਢੋਣਗੇ
ਦੇਖਣਗੇ ਕੱਛਿਆਂ ਵਾਲੇ ਬਾਂਦਰ
ਪੋਤੜਿਆਂ ਵਾਲੀਆਂ ਬਿੱਲੀਆਂ
ਬੌਣੇ ਕਿਰਦਾਰ
ਕਦੇ ਤਾਂ ਕਹਿ ਦੇਣਗੇ

ਅਸੀਂ ਸਿਫਾਰਸਾਂ 'ਤੇ ਨਹੀਂ ਪਲ਼ੇ
ਅਸੀਂ ਆਪਣਾ ਹਿੱਸਾ ਲੈਣ ਆਏ ਹਾਂ
ਭੀਖ ਮੰਗਣ ਨਹੀਂ ਆਏ
3.
ਸਾਡੇ ਬੱਚੇ ਕਹਿਣਗੇ
ਅਸੀਂ ਉਨ੍ਹਾਂ ਦੇ ਵਾਰਸ ਹਾਂ
ਜਿਨ੍ਹਾਂ ਮੋਢੇ 'ਤੇ ਲੱਦਿਆ ਸੀ ਸਮਾਂ
ਜਿਨ੍ਹਾਂ ਡੰਡਾਉਤ ਨਈਂ ਕੀਤੀ
ਸਮੇਂ ਦੇ ਡੰਡਾਉਤੀਆਂ ਅੱਗੇ
ਸਾਡੇ ਬੱਚੇ ਵੰਗਾਰਨਗੇ ਬਾਬਰਾਂ ਨੂੰ।

## ਕੁੱਤੇ ਦੀ ਤਨਹਾਈ

ਕੀ ਸੁਣ ਰਹੇ ਹੋ
ਸ਼ਾਂਤ ਚਿੱਤ ਬੈਠ ਕੇ

ਕੁੱਤਾ ਭੌਂਕਦਾ
ਕਦੇ ਇਕਾਂਤ 'ਚ ਭੌਂਕਦਾ ਸੀ
ਸਿਰਫ ਜੰਗਲ਼ਾਂ 'ਚ
ਹੁਣ ਆ ਗਿਐ ਪਿੰਡ ਵੱਲ

ਕੁੱਤੇ ਤਾਂ ਪਹਿਲਾਂ ਵੀ ਭੌਂਕਦੇ ਸੀ
ਬੇਸੁਰੇ ਸੀ ਵਿਚਾਰੇ
ਭੌਂਕਣ ਦਾ ਵੇਲ਼ਾ ਥੋੜ੍ਹੀ ਚੁਣਦੇ ਸੀ
ਜਦੋਂ ਜੀਅ ਕਰਦਾ ਭੌਂਕ ਲੈਂਦੇ
ਵਕਤ ਬੇਵਕਤ
ਪਿੰਡ ਦੀ ਫਿਰਨੀ ਦੁਆਲੇ

ਪਰ ਇਹ ਕੁੱਤਾ ਸਿਆਣਾ ਏ
ਦਿਖਦਾ ਵੀ ਬੀਬਾ ਏ
ਬੜੀ ਲੈਅ 'ਚ ਭੌਂਕਦਾ ਏ
ਉਹ ਵੀ ਟਾਇਮ 'ਤੇ
ਤੇ ਪਿੰਡ 'ਚ ਰਹਿ ਵੀ ਗਿਆ ਏ ਕੱਲਾ
ਬਾਕੀ ਤਾਂ ਅਸਤੀਫਾ ਦੇ ਗਏ
ਵਿਚਾਰੇ ਭੌਂਕਣ ਤੋਂ

ਕੋਈ ਨਾਮਵਰ ਕੁੱਤਾ ਮਿਲੇ
ਪਿੰਡ ਦਾ ਰਾਹ ਦੱਸ ਦਿਓ।

## ਸਫ਼ਰ

ਕੀ ਕਰਦੇ ਹੋ
ਅੱਖਾਂ ਬੰਦ ਕਰਕੇ

ਮਾਣ ਰਹੇ ਹਾਂ
ਬੀਤੇ ਪਲਾਂ ਦਾ ਆਨੰਦ
ਬੁਣ ਰਹੇ ਹਾਂ ਭਵਿੱਖ ਦੇ ਸੁਪਨੇ
ਲੈ ਰਹੇ ਹਾਂ ਦਮ
ਅਗਲੇ ਸਫ਼ਰ ਲਈ ਤੁਰਨ ਤੋਂ ਪਹਿਲਾਂ

ਕਿਉਂ

ਕਿਉਂਕਿ ਅਗਲਾ ਸਫ਼ਰ ਬਿਖੜਾ ਏ
ਪਹਾੜੀ ਰਸਤਿਆਂ ਵਾਂਗ
ਇੱਕ ਵਾਰ ਗਲਤੀ ਹੋਈ
ਦੁਬਾਰਾ ਗਲਤੀ ਦਾ ਮੌਕਾ ਨਹੀਂ ਦੇਵੇਗਾ

ਕੀ ਪਤੈ
ਰਸਤੇ 'ਚ ਮਿਲ ਜਾਵੇ ਜ਼ਿੰਦਗੀ
ਹਿੱਕ ਤਣ ਕੇ ਉਸਨੂੰ ਕਹਾਂਗੇ
ਅਸੀਂ ਤੇਰੇ ਤੋਂ ਭਗੌੜੇ ਨਹੀਂ
ਜਿਉਣ ਦਾ ਹਰ ਪਲ
ਮਾਣ ਕੇ ਆਏ ਹਾਂ

ਹੁਣ ਤੂੰ ਉਵੇਂ ਦੀ ਸੋਹਣੀ ਨਹੀਂ ਰਹੀ
ਇਸੇ ਲਈ ਤੁਰ ਪਏ ਹਾਂ
ਇਹਨਾਂ ਬਿਖੜੇ ਰਾਹਾਂ 'ਤੇ
ਤੈਨੂੰ ਹੁਸੀਨ ਬਨਾਉਣ ਲਈ

ਆਹ ਦੇਖ ਸਾਡਾ ਬੋਝਾ
ਇਸ ਵਿੱਚ ਨੇ ਸਿਰਫ
ਤੇਰੇ ਹੀ ਸੁਪਨੇ
ਅਸੀਂ ਤੇਰੇ ਤੋਂ ਭਗੌੜੇ ਨਹੀਂ।

## ਲਿਫਾਫੇ

ਜ਼ਿੰਦਗੀ 'ਚ
ਕਈ ਕਰੈਕਟਰ ਮਿਲਦੇ ਨੇ ਇਉਂ
ਜਿਵੇਂ ਫੂਕ ਮਾਰ ਕੇ ਭਰੇ ਲਿਫਾਫੇ
ਵਿੱਚੋਂ ਮਿਲਦੇ ਨੇ ਚਿਪਸ ਕੁਰਕਰੇ

ਕਈ ਲੱਭਦੇ ਨੇ ਇਉਂ
ਜਿਵੇ ਜ਼ਮੀਨ 'ਤੇ ਗਿਰਿਆ
ਅਖ਼ਬਾਰ ਦਾ ਟੁਕੜਾ
ਪੜ੍ਹੋ
ਪਤਾ ਬਾਅਦ 'ਚ ਚਲਦਾ ਏ
ਜੇ ਨਾ ਪੜ੍ਹਦੇ
ਇੱਕ ਕਹਾਣੀ ਅਣਜਾਣੀ ਰਹਿ ਜਾਂਦੀ।

## ਹਥਿਆਰ

ਮਾਂ ਆਖਦੀ
ਪੁੱਤ ਹਥਿਆਰ ਸਾਂਭ ਦੇ
ਕਿਉਂ ਚੁੱਕੀ ਫਿਰਦੈਂ
ਕਲਮ ਦਿਮਾਗ ਤੇ ਛੁਰੀ
ਹੁਣ ਤੂੰ ਸਿਆਣਾ ਹੋ ਗਿਆ
ਲੋੜ ਨਹੀਂ ਖੇਖਣਾਂ ਦੀ
ਨੌਕਰੀ ਮਿਲ ਗਈ
ਬੱਚੇ ਪਾਲ਼

ਪਿਓ ਨੇ ਕਿਹਾ
ਪੁੱਤ ਨੌਕਰੀ ’ਤੇ ਵਿਸਾਹ ਨਾ ਕਰੀਂ
ਹਥਿਆਰ ਸਾਂਭ ਕੇ ਰੱਖੀਂ
ਤੇਲ ਲਾਉਂਦਾ ਰਹੀਂ
ਲਿਸ਼ਕਾਉਂਦਾ ਰਹੀਂ
ਪਤਾ ਨੀਂ ਕਦ ਦੁਬਾਰਾ ਚੁੱਕਣੇ ਪੈ ਜਾਣ।

## ਇੰਞ ਹੀ ਹੋਵੇਗਾ

ਤੁਸੀਂ ਯਕੀਨ ਕਰੋ ਜਾਂ ਨਾ
ਇੰਞ ਹੀ ਹੋਵੇਗਾ
ਕੋਈ ਪਰਿੰਦਾ ਲਵੇਗਾ ਸੁਪਨਾ
ਅਸਮਾਨ ਨੂੰ ਨਾਪਣ ਦਾ
ਤੋਲੇ ਜਾਣਗੇ ਪਰ
ਤੋੜੇ ਜਾਣਗੇ ਪਿੰਜਰੇ।

## ਜ਼ਿੰਦਗੀ ਜ਼ਿੰਦਾਬਾਦ

ਇਹ ਰਸਤਾ ਇਉਂ ਨਹੀਂ
ਜੋ ਤੁਹਾਡੇ ਕਹਿਣ ਕਰਕੇ ਚੁਣਿਆ ਹੈ

ਪਰ ਤੁਸੀਂ ਕਾਰਨ ਜ਼ਰੂਰ ਬਣੋਗੇ
ਇਸ ਰਸਤੇ ਨੂੰ ਪਰਖਣ ਦਾ
ਤੇ ਇਸ 'ਤੇ ਤੁਰਨ ਦਾ

ਯਾਦ ਰੱਖਿਓ
ਕਈ ਬੰਦੇ ਚੁਣੌਤੀਆਂ ਕਰਕੇ ਹੀ ਬਣਦੇ ਨੇ
ਚੁਣੌਤੀਆਂ ਹੀ ਮਸ਼ਹੂਰ ਕਰਦੀਆਂ ਨੇ ਉਹਨਾਂ ਨੂੰ

ਮੈਦਾਨ ਤਾਂ ਹਰ ਥਾਂ ਤਿਆਰ ਨੇ
ਲੜਨ ਦਾ ਢੰਗ ਤੇ ਸਲੀਕਾ ਚੁਣੋ
ਕਤਲ ਸ਼ਬਦ ਨਾਲ ਵੀ ਹੋ ਸਕਦਾ
ਛੁਰੀ ਨਾਲ ਵੀ
ਪਰ ਕਤਲ ਹੋਣ ਤੋਂ ਪਹਿਲਾਂ
ਦੱਸ ਦਿਓ ਕਿ
ਅਸੀਂ ਅਸਾਨ ਮੌਤ ਮਰਨ ਲਈ ਨਹੀਂ ਜੰਮੇ
ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕਹਿ ਦਿਓ
ਕਿ ਗੱਡੀ ਥੱਲੇ ਆ ਕੇ ਮਰਨ ਨਾਲੋਂ
ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ
ਮਰਨਾ ਸ਼ਾਨਦਾਰ ਹੁੰਦਾ ਹੈ

ਇਹ ਵੀ ਕਹਿ ਦਿਓ
ਕਿ ਮਨਚਾਹੀ ਮੌਤ ਮਰਦੇ ਨੇ ਆਸ਼ਕ
ਖ਼ੌਫ ਨਹੀਂ ਰੱਖਦੇ ਅੱਖਾਂ 'ਚ
ਮੌਤ ਦੇ ਤਸੀਹਿਆਂ ਦਾ
ਤੇ ਮੌਤ ਵੀ ਕਰ ਲੈਂਦੀ ਹੈ
ਫ਼ਖ਼ਰ ਨਾਲ਼ ਸਿਰ ਉੱਚਾ
ਜ਼ਿੰਦਗੀ ਜ਼ਿੰਦਾਬਾਦ।

## ਦਿਲ

ਜੇਬ ਵੀ ਹੈ
ਪਰ ਜੇਬ ਥੱਲੇ ਹੈ ਦਿਲ
ਦਿਲ 'ਚ ਜੇ
ਨਹੀਂ ਹੈ ਕੋਈ ਧੜਕਣ
ਇਹ ਫਟ ਸਕਦੈ।

## ਧੀ ਦਾ ਦਰਦ

ਮਾਏ ਨੀ ਤੇਰੀ ਧੀ ਧਿਆਣੀ ਤੈਨੂੰ ਗੱਲ ਕਵ੍ਹੇ
ਨਿੱਕੀ ਜਿਹੀ ਜਿੰਦ ਨਿਮਾਣੀ ਕੀ ਕੀ ਦਰਦ ਸਹੇ
ਮਾਏ ਨੀ …………

ਮੇਰੇ ਜੰਮਣ 'ਤੇ ਘਰ ਦੀਆਂ ਨੀਹਾਂ ਕਿਉਂ ਕੰਬੀਆਂ
ਬਾਬਲ ਦੇ ਦਿਲ ਉੱਤੇ ਫਿਰ ਗਈਆਂ ਕਿਉਂ ਰੰਬੀਆਂ
ਹਾਏ ਟਾਹਣੀਆਂ ਬੂਹੇ ਅੱਗੇ ਨਿੰਮ ਦੀਆਂ ਨਾ ਟੰਗੀਆਂ
ਦੱਸ ਨੀ ਤੂੰ ਦੱਸ ਨੀ ਮਾਏ, ਕਿਉਂ ਤੂੰ ਵੰਡੇ ਨਾ ਮੇਵੇ
ਮਾਏ ਨੀ ……………..

ਸੱਧਰਾਂ ਤੇ ਚਾਵਾਂ ਨੂੰ ਮੈਂ ਸੀਨੇ ਲਿਆ ਦੱਬ ਸੀ
ਮੁੱਲ ਦਾ ਜਦ ਮਾਹੀਆ ਲਿਆ ਮੇਰੇ ਲਈ ਲੱਭ ਸੀ
ਹਾਏ ਬਾਬਲ ਦੀ ਪੱਗ ਵਾਲੀ ਇਹਦੇ ਸਿਰ ਲੱਜ ਸੀ
ਤੁਰਦੀ ਹੋਈ ਡੋਲੀ ਨੂੰ, ਘਰ ਵਾਲੀ ਦਹਿਲੀਜ਼ ਕਵ੍ਹੇ
ਮਾਏ ਨੀ …………….

ਆਦਮ ਯੁੱਗ ਦੀ ਇੱਕ ਦਿਨ ਮੈਂ ਪਟਰਾਣੀ ਸੀ
ਰੂਹ ਦਾ ਜਦ ਮਿਲਦਾ ਮੈਨੂੰ ਵੀ ਹਾਣੀ ਸੀ
ਹਾਏ ਮੇਰੀ ਗੁਲਾਮੀ ਵਾਲੀ ਅਜਬ ਕਹਾਣੀ ਸੀ
ਜਦ ਮਰਦ ਬਣਾਈ ਜੁੱਤੀ, ਜੀ ਕੀਤਾ ਭੋਗ ਲਵੇ
ਮਾਏ ਨੀ……………..

ਮੰਨਾ ਨਾ ਕਰਮਾਂ ਨੂੰ, ਕਿਸਮਤ ਦੀ ਬਾਤ ਨਾ ਪਾਈਂ
ਹਰ ਇੱਕ ਸੱਚ ਤੋਂ ਜਾਵਾਂ ਮੈਂ ਪਰਦਾ ਹਟਾਈਂ
ਹਾਏ ਚੰਡੀ ਮੈਂ ਬਣ ਜਾਣਾ, ਮੇਟਾਂਗੀ ਜ਼ੁਲਮਾਂ ਤਾਈਂ
ਮੇਰਾ ਅਸਮਾਨ ਹੋਵੇਗਾ, ਉੱਗਦੀ ਹੋਈ ਰੌਸ਼ਨੀ ਕਵ੍ਹੇ
ਮਾਏ ਨੀ ……………….

ਬਾਬਲ ਦੀ ਪੱਗ ਵਾਲੀ ਮੇਰੇ ਸਿਰ ਲੱਜ ਕਿਉਂ
ਵੀਰੇ ਮੇਰੇ ਨੂੰ ਕੋਈ ਵੀ ਕਿਉਂ ਕੁਝ ਨਾ ਕਵ੍ਹੇ
ਨਿੱਕੀ ਜਿਹੀ ਜਿੰਦ ਨਿਮਾਣੀ ਕੀ ਕੀ ਦਰਦ ਸਹੇ
ਮਾਏ ਨੀ ਤੇਰੀ ਧੀ ਧਿਆਣੀ ਤੈਨੂੰ ਗੱਲ ਕਵ੍ਹੇ
ਮਾਏ ਨੀ …………………..

# ਅਧੂਰੀਆਂ ਰਚਨਾਵਾਂ

## ਪੈਮਾਨਾ

ਮੇਰੇ ਵੀ ਹਿੱਸੇ ਆਈ ਹੈ
ਤੁਹਾਡੀ ਔਕਾਤ ਪਰਖਣੀ
ਪਿੰਡ ਦਿਓ ਭੋਲ਼ਿਓ ਲੋਕੋ
ਪਊਆ ਸ਼ਰਾਬ ਲਈ
ਪਰਿਕਰਮਾ ਕਰ ਸਕਦੇ ਹੋ
ਸਾਰੇ ਪਿੰਡ ਦੀ
ਬੋਤਲ ਮਿਲ ਜਾਵੇ ਜੇ
ਬੈਠ ਸਕਦੇ ਹੋ
ਕਿਸੇ ਵੀ ਙ ... ਜੇ ਲੀਡਰ ਦੀ
ਬਕਵਾਸ ਜੀ ਜਿਪਸੀ 'ਚ
ਚਾਪਲੂਸੀ ਕਰਨੀ
ਖ਼ੂਬ ਸਿੱਖ ਗਏ ਹੋ
ਪਾਡਾ ਜਾ ਠਾਣੇਦਾਰ ਮਿਲਾ ਲਵੇ ਹੱਥ
ਵੇਚ ਸਕਦੇ ਹੋ ਸਾਰੇ ਪਿੰਡ ਦੀ ਗ਼ੈਰਤ
ਝੂਠੀ ਸਹੁੰ ਖਾਣੀ ਤਾਂ ਆਮ ਜੀ ਗੱਲ ਹੋਗੀ
ਵੋਟਾਂ ਵੇਲੇ ਤਾਂ
ਮਿਲ ਜਾਂਦੇ ਨੇ ਕਈ ਰੱਬ ਜੀ
ਤੁਸੀਂ ਵੀ ਬਣ ਜਾਂਦੇ ਹੋ ਕਿੰਗ ਮੇਕਰ

## ਸੂਰਜ ਬਣ ਜਾ

ਮੱਛਰੀ ਫਿਰਦੀ ਏ ਕਾਲ਼ੀ ਸਿਆਹ ਰਾਤ ਵੇ
ਸੂਰਜ ਬਣ ਜਾ ਪਾ ਚਾਨਣ ਦੀ ਬਾਤ ਵੇ

ਅੱਗੇ ਵਧਣਾ ਸਿੱਖੋ ਗੁਲਾਮੀ ਦੇ ਸੰਗਲ਼ ਤੋੜ ਕੇ
ਬਣ ਜਾਣਾ ਏ ਸਮੁੰਦਰ ਕਤਰਾ ਕਤਰਾ ਜੋੜ ਕੇ
ਆਊ ਸੁਨਾਮੀ ਬਦਲਣਗੇ ਸਾਡੇ ਵੀ ਹਾਲਾਤ ਵੇ
ਸੂਰਜ ਬਣ ਜਾ .....

ਤੂੰ ਲਹੂ ਡੋਲ੍ਹ ਕੇ ਸਿੰਜੀ ਮਿੱਟੀ, ਉੱਗੇ ਦਾਣੇ ਨੇ
ਸੋਚ ਜ਼ਰਾ ਕਿਉਂ ਭੁੱਖੇ ਅੱਜ ਤੇਰੇ ਨਿਆਣੇ ਨੇ
ਖੋਣ ਨੂੰ ਤੇਰੇ ਕੋਲ ਜ਼ੰਜੀਰਾਂ ਜਿੱਤਣ ਨੂੰ ਕਾਇਨਾਤ ਵੇ
ਸੂਰਜ ਬਣ ਜਾ.....

✦

ਆ ਮੇਰੀ ਦੋਸਤ
ਆਪਣੇ ਰਿਸ਼ਤੇ ਦੀ ਸਮਾਲੋਚਨਾ ਕਰੀਏ
ਆ ਉਸ ਸੱਚ ਦਾ ਇਕਬਾਲ ਕਰੀਏ
ਜਿਸ ਤੋਂ ਅਸੀਂ ਅਕਸਰ ਹੀ
ਅਣਜਾਣ ਹੋਣ ਦਾ ਦਿਖਾਵਾ ਕਰਦੇ ਰਹਿੰਦੇ ਹਾਂ
ਆ ਅਸੀਂ ਅੱਜ ਵਿਚਾਰੀਏ
ਅਸੀਂ ਕਿੱਥੋਂ ਤੁਰੇ ਸੀ
ਕਿੱਥੇ ਆ ਗਏ ਹਾਂ
ਅਸੀਂ ਤਾਂ ਹਮਸਫ਼ਰ ਬਣਨ ਦਾ ਇਕਰਾਰ ਕੀਤਾ ਸੀ
ਉਲਟ ਦਿਸ਼ਾਵਾਂ ਵੱਲ ਸਫ਼ਰ ਕਰਦੇ ਹੋਏ
ਪੂਰਬ ਤੇ ਪੱਛਮ ਦੇ ਮਿਲਾਪ ਦੀ ਕਲਪਨਾ ਕੀਤੀ ਸੀ

✦

ਮਾਹੀਏ ਦੀ ਝਾਕ ਵਿੱਚ ਬੂਹਾ ਢੋਇਆ ਕਦੇ ਖੋਲ੍ਹਿਆ
ਹਾਏ! ਸਾਡੇ ਨਾ ਬਨੇਰੇ ਉੱਤੇ ਕਾਂ ਕੋਈ ਬੋਲਿਆ
ਗਰੀਬਣੀ ’ਤੇ ਕਾਹਦੀ ਰੁੱਤ ਜੋਬਨੇ ਦੀ ਆਈ
ਸੱਜਰਾ ਹੁਸਨ ਗਿਆ ਪੈਸੇ ਵੱਟੇ ਤੋਲਿਆ

ਚੜ੍ਹਦੀ ਜਵਾਨੀ ਵੱਟਾਂ ਬੰਨਿਆਂ ’ਤੇ ਰੁਲ਼ਗੀ
ਦੋ ਸੱਥਰੀਆਂ ਚਾਰਾ ਮੇਰੀ ਆਬਰੂ ਦਾ ਮੁੱਲ ਸੀ
ਮਾਸਖੋਰਿਆਂ ਦੇ ਮੂਹਰੇ ਮੇਰਾ ਕੀ ਸੀ ਜ਼ੋਰ ਭਲਾ
ਮੈਂ ਮਾਸ ਵਾਲੇ ਇੱਕ ਲੋਥੜੇ ਦੇ ਤੁੱਲ ਸੀ
ਬੁੱਕਲ ’ਚ ਰੱਖੀ ਸੀ ਮੈਂ ਸਾਂਭ ਕੇ ਜਵਾਨੀ
ਪੇਟ ਵਾਲੀ ਅੱਗ ਅੱਗੇ ਈਮਾਨ ਮੇਰਾ ਡੋਲਿਆ

✦

ਵਿਹਲ ਕਿੱਥੇ ਹੈ ਕਿ ਤੇਰੇ ਨੈਣਾਂ ਦੀ ਨਜ਼ਮ ਪੜ੍ਹ ਸਕਾਂ
ਹੌਂਸਲਾ ਕਿੱਥੇ ਕਿ ਇਸ਼ਕ ਸਮੁੰਦਰਾਂ ਨੂੰ ਤਰ ਸਕਾਂ

ਫੁੱਲ ਕਲੀਆਂ ਦੀ ਮੌਤ ਮੇਰੀ ਰੁੱਤ ਦਾ ਦੁਖਾਂਤ ਹੈ
ਬਹਾਰ ਦਾ ਖ਼ਾਬ ਮਾਰੂਥਲਾਂ ਵਿੱਚ ਕਿੰਝ ਮੈਂ ਲਵਾਂ

✦

ਕਿੰਨੀ ਸੀ ਲਾਚਾਰ ਕਿੰਨਾ ਨੈਣੀਂ ਛੁਪਾਇਆ ਹੋਣੈ ਨੀਰ
ਬੜਾ ਕੁੱਝ ਕਹਿ ਰਹੀ ਹੈ ਲਾਲ ਚੂੜੇ ਵਾਲੀ ਤਸਵੀਰ

ਝੀਲ ਬਣ ਤੂੰ ਵੀ ਚੰਨ ਖਿਆਲਾਂ 'ਚ ਸਜਾਇਆ ਹੋਣੈ
ਕੰਮ ਨਹੀਂ ਆਈਆਂ ਪੜ੍ਹੀਆਂ ਨਮਾਜ਼ਾਂ, ਧਿਆਏ ਪੰਜੇ ਪੀਰ

✦

ਸ਼ੈਤਾਨਾਂ ਦਾ ਪਹਿਰਾ ਸਾਡੀ ਨੀਂਦ ਉੱਤੋਂ ਹਟ ਜਾਵੇਗਾ
ਨਵੇਂ ਜੋਸ਼ ਨਾਲ ਜਦ ਸਾਡੇ ਡੌਲ਼ਿਆਂ ਨੇ ਫਰਕਣਾ

ਕਿਉਂ ਅਪਣੇ ਨਾਂ ਦੀਆਂ ਤਖਤੀਆਂ ਲਾਉਂਦਾ ਫਿਰੇਂ
ਦਰਿਆ ਦੀ ਰੇਤ ਵਾਂਗੂੰ ਹੱਥੋਂ ਜ਼ਿੰਦਗੀ ਨੇ ਸਰਕਣਾ

✦

ਅੱਖੀਂ ਸੰਜੋਇਆ ਇੱਕ ਖ਼ਾਬ ਚਕਨਾਚੂਰ ਹੋ ਗਿਆ
ਅੱਜ ਸਾਥੋਂ ਮੰਜ਼ਲ ਦਾ ਫਾਸਲਾ ਕਿੰਨੀ ਦੂਰ ਹੋ ਗਿਆ

ਜਿਸ ਦੇ ਦਾਮਨ ਉੱਤੇ ਛਿੱਟੇ ਸਨ ਬੇਦੋਸ਼ੇ ਖ਼ੂਨ ਦੇ
ਉਹ ਬਣ ਗਿਆ ਮਸੀਹਾ ਬੜਾ ਮਸ਼ਹੂਰ ਹੋ ਗਿਆ

✦

ਚੁੱਪ ਹੋ ਗਿਆ ਹਾਂ, ਕੋਈ ਸੀਨੇ 'ਤੇ ਲਫ਼ਜ਼ਾਂ ਦਾ ਬੋਝ ਧਰ ਗਿਆ
ਨਜ਼ਮ ਉਦਾਸ ਹੈ, ਸ਼ਾਇਦ ਅੱਜ ਕੋਈ ਸ਼ਾਇਰ ਮਰ ਗਿਆ

ਰੀਝਾਂ ਤੇ ਚਾਵਾਂ ਨਾਲ ਜੋ ਚੜ੍ਹਿਆ ਸੀ ਤੇਰੇ ਦਰ ਦੀਆਂ ਪੌੜੀਆਂ
ਜਾਂਦਾ ਹੋਇਆ ਦੋ ਅੱਥਰੂ ਦਹਿਲੀਜ਼ ਤੇਰੀ 'ਤੇ ਧਰ ਗਿਆ

✦

ਸੀਨੇ 'ਚ ਸੁਲਗਦੀਆਂ ਲੱਖਾਂ ਸੱਧਰਾਂ ਅਧੂਰੀਆਂ
ਉਮਰ ਭਰ ਤਨ 'ਤੇ ਹੰਢਾਈਆਂ ਮਜਬੂਰੀਆਂ

ਵਕਤ ਵਿਦਾਈ ਦਾ ਹੈ ਸ਼ਿਕਵਾ ਕੀ ਤੇਰੇ 'ਤੇ
ਪਾਸ-ਪਾਸ ਰਹਿ ਕੇ ਨਾ ਮਿਟਾਈਆਂ ਗਈਆਂ ਦੂਰੀਆਂ

✦

ਗਹਿਰੀ ਚੁੱਪ ਦਾ ਇਲਜ਼ਾਮ ਨਾ ਮੇਰੇ ਗੀਤਾਂ ਸਿਰ ਮੜ੍ਹ ਦੇਣਾ
ਵਕਤ ਬੇਵਕਤ ਕਦੇ ਚਿਹਰੇ ਅਪਣੇ ਨੂੰ ਵੀ ਪੜ੍ਹ ਲੈਣਾ

ਨਾ ਅਪਣਾਪਣ ਨਾ ਬੇਖ਼ੁਦੀ ਹੈ, ਕੈਸੀ ਇਹ ਦੋਸਤੀ ਹੈ
ਕਾਗਜ਼ੀ ਫੁੱਲਾਂ ਦੀ ਮਹਿਕ, ਕਦੇ ਤਾਂ ਕਿਨਾਰਾ ਕਰਨਾ ਹੀ ਪੈਣਾ

✦

ਅਸੀਸ ਦੇ ਚਾਹੇ ਤੂੰ ਇਲਜ਼ਾਮ ਦੇਹ
ਮੇਰੀ ਵਫ਼ਾ ਨੂੰ ਕੋਈ ਤਾਂ ਨਾਮ ਦੇਹ

ਬਹੁਤ ਨਾਪ ਚੁੱਕਿਐਂ ਪਿਆਸ ਮੇਰੀ
ਕਦੇ ਤਾਂ ਸਾਕੀ ਛਲਕਦਾ ਜਾਮ ਦੇਹ

✦

ਨਾ ਵਕਤ ਬੀਤਿਆ ਹੈ ਨਾ ਹੀ ਸਾਡੀ ਬਾਤ ਮੁੱਕੀ
ਜਾਰੀ ਹੈ ਸਫ਼ਰ, ਸਾਡੀ ਹਾਲੇ ਨਾ ਲੜਾਈ ਰੁਕੀ

ਤੁਹਾਨੂੰ ਪੀਜ਼ੇ ਬਰਗਰਾਂ ਸਮੇਤ ਖਾ ਜਾਣਗੇ
ਗੰਢੇ ਨਾਲ ਜੋ ਚਬਾਉਂਦੇ ਨੇ ਰੋਟੀ ਸੁੱਕੀ

✦

ਉਹ ਸਰਦਲਾਂ ਤੋਂ ਮੁੜ ਗਏ ਅੱਖਾਂ ’ਚ ਖ਼ੁਮਾਰ ਲਈ
ਅਸਾਂ ਨਿਰਾਧਾਰ ਸੁਪਨਿਆਂ ਲਈ ਜ਼ਿੰਦਗੀ ਗੁਜ਼ਾਰ ਲਈ

✦

ਖੰਡਰ ਇਸ ਤਰਾਂ ਸੁਣਾਉਣਗੇ ਅਪਣੀ ਬਰਬਾਦੀ ਦੀ ਦਾਸਤਾਨ
ਕਿ ਗੁਜ਼ਰਿਆ ਸੀ ਮਹਿਲਾਂ ਕੋਲੋਂ ਕਦੇ ਜ਼ਲਜ਼ਲਿਆਂ ਦਾ ਕਾਫ਼ਲਾ

✦

ਏਥੇ ਕੌਣ ਸੁਣੇਗਾ ਤੇਰੇ ਲਫ਼ਜ਼ਾਂ ਤਾਈਂ
ਕਮਲਿਆ ਸ਼ਾਇਰਾ ਇਲਮਾਂ ਦੀ ਬਾਤ ਨਾ ਪਾਈਂ

✦

ਛੱਡ ਦਿਲਾ ਮੇਰਿਆ ਤੂੰ ਇਲਮਾਂ ਦੀ ਬਾਤ ਪਾਉਣੀ
ਬੁਝ ਗਏ ਚਿਰਾਗਾਂ ਕੋਲ਼ ਰੌਸ਼ਨੀ ਨਹੀਓਂ ਆਉਣੀ

✦

ਮੁਹੱਬਤ ਕੇ ਨਾਮ ਪਰ ਕਿਸੀ ਨੇ ਹਮਸੇ ਮਜ਼ਾਕ ਕਰ ਦੀਆ
ਹਮਨੇ ਉਸੀ ਕੇ ਕਦਮੋਂ ਮੇਂ ਕਮਭਖਤ ਯੇ ਦਿਲ ਧਰ ਦੀਆ

ਅਬ ਪਤਾ ਚਲਾ ਉਸ ਨੇ ਪਲ ਦੋ ਪਲ ਕੇ ਲੀਏ ਦਿਲ ਬਹਿਲਾਇਆ ਥਾ
ਹਮਨੇ ਯੂੰ ਹੀ ਉਨਕੋ ਖ਼ੁਦਾ ਕਰ ਦੀਆ

✦

ਮੇਰੇ ਯਾਰ ਤਲ਼ੀਆਂ 'ਤੇ ਚੰਦ ਧਰਨਾ ਸਿੱਖ ਗਏ ਨੇ
ਉਮਰਾਂ ਦੇ ਵਾਹਦੇ ਕਰ ਕੇ ਮੁੱਕਰਨਾ ਸਿੱਖ ਗਏ ਨੇ

✦

ਘਰ ਦੇ ਬੂਹੇ ਅੱਗੇ ਨਾਂ ਦੀਆਂ ਤਖ਼ਤੀਆਂ ਲਾਉਂਦਾ ਹੈ
ਵਜੂਦ ਆਪਣੇ ਦਾ ਖਿਆਲ ਉਹਨੂੰ ਕਿੰਨਾ ਸਤਾਉਂਦਾ ਹੈ

✦

ਵਧੇਗਾ ਰਾਤ ਦਾ ਕਹਿਰ, ਦਿਲ ਰੋਵੇਗਾ
ਗੱਲ ਛਿੜੇਗੀ ਮੇਰੀ ਬਰਬਾਦੀ ਦੀ ਤਾਂ ਜ਼ਿਕਰ ਤੇਰਾ ਵੀ ਹੋਵੇਗਾ

## ਚਾਂਭਲ ਜਾਣਗੇ

*ਮਿੰਨੀ ਕਹਾਣੀ*

ਰਾਤ ਦੀਪੇ ਕਾ ਲੱਛੂ ਆਂਡਿਆਂ ਦੀ ਰੇਹੜੀ ਕੋਲ ਖੜ੍ਹਾ ਪੈੱਗ ਲਾ ਰਿਹਾ ਸੀ। ਮੂੰਹ ਕਰਾਰਾ ਕਰਨ ਲਈ ਦੋ ਕੁ ਮਿੰਟ ਬਾਅਦ ਸਤਨਾਮ ਦੀ ਰੇਹੜੀ ਤੋਂ ਗਿਰੀ ਖਾ ਲੈਂਦਾ ਸੀ। ਏਨੇ ਵਿੱਚ ਨੰਬਰਦਾਰਾਂ ਦਾ ਜੰਟਾ ਆ ਗਿਆ। ਲੱਛੂ ਵਾਂਗ ਜੰਟਾ ਵੀ ਮੁਫਤ ਦੀ ਗਿਰੀ ਦਾ ਸਵਾਦ ਲੈਣ ਲੱਗ ਪਿਆ। ਕਬੀਲਦਾਰੀ ਦੀਆਂ ਗੱਲਾਂ ਛਿੜ ਪਈਆਂ ਦੋਨਾਂ ਵਿਚਾਲੇ।

"ਨੰਬਰਦਾਰਾ, ਪਿੰਡ ਵਾਲੀਆਂ ਤਾਂ 150 ਰੁਪਏ ਦਿਹਾੜੀ 'ਤੇ ਨਰਮਾ ਚੁਗਦੀਆਂ ਸੀ। ਆਹ ਜਿਹੜਾ ਪਾਸਲੇ ਪਿੰਡਾਂ ਦਾ ਟਰਾਲੀਆਂ 'ਤੇ ਘੜਮੱਸ ਲੱਦਿਐ, ਇਹਨੇ ਪਿੰਡ ਆਲੇ ਦਿਹਾੜੀਏ ਵੀ 200 ਰੁਪਏ ਦਿਹਾੜੀ ਮੰਗਣ ਲਾਤੇ, ਜਿਵੇਂ ਪੈਸੇ ਝਾੜਾਂ ਨੂੰ ਲਗਦੇ ਹੋਣ।"

ਦਿਹਾੜੀ ਤੋਂ ਵਾਪਸ ਆਉਂਦਾ ਤਾਰਾ ਵੀ ਅਧੀਆ ਲੈ ਕੇ ਸਤਨਾਮ ਦੀ ਰੇਹੜੀ ਤੋਂ ਪੰਜ ਰੁਪਈਆਂ ਦੀ ਗਿਰੀ ਲੈ ਕੇ ਉਹਨਾਂ ਦੀਆਂ ਗੱਲਾਂ ਸੁਣਨ ਲੱਗ ਪਿਆ। ਜੰਟਾ ਫੇਰ ਲੱਗ ਪਿਆ ਬੋਲਣ।

"ਇਹ ਜਾਤ ਨੂੰ ਆਨੇ ਆਲੀ ਥਾਂ 'ਤੇ ਰੱਖੋ। ਖੇਤੋਂ ਮੁਫਤ 'ਚ ਕੱਖ ਨਾ ਵੱਢਣ ਦੇਵੋ,ਇਹ ਤਾਂ ਫੇਰ ਸੂਤ ਆਉਂਦੇ ਨੇ।"

ਗੱਲਾਂ ਸੁਣਦਾ ਹੋਇਆ ਤਾਰਾ ਵੀ ਬੋਲ ਪਿਆ, "ਬਾਈ ਨੰਬਰਦਾਰਾ, ਏਹੀ ਸੀਜਨ ਤਾਂ ਦਿਹਾੜੀਏ ਦਾ ਚਾਰ ਛਿੱਲੜ ਕੱਠੇ ਕਰਨ ਦਾ ਹੁੰਦਾ ਏ, ਬਾਅਦ 'ਚ ਸਾਨੂੰ ਕੌਣ ਪੁੱਛਦਾ ਏ।"

ਨੰਬਰਦਾਰ ਅੱਗਿਓਂ ਬੁੜ੍ਹਕ ਕੇ ਬੋਲਿਆ, "ਤਾਰਿਆ ਤੂੰ ਤਾਂ ਬੋਲ ਈ ਨਾ,ਐਵੇਂ ਗਾਲ਼ ਨਾ ਨਿੱਕਲ ਜੇ ਮੂੰਹੋਂ।" ਤਾਰਾ ਪਾਸੇ ਹੋ ਕੇ ਖੜ੍ਹ ਗਿਆ।

ਥੋੜ੍ਹੀ ਚੁੱਪੀ ਤੋਂ ਬਾਅਦ ਜੰਟੇ ਨੇ ਲੱਛੂ ਤੋਂ ਪੁੱਛਿਆ, "ਜਰ ਤੂੰ ਜਿਹੜੀ ਪੁਰਾਣੇ ਹਿੰਦੁਸਤਾਨ ਟਰੈਕਟਰ 'ਤੇ ਡੋਲੂ ਜਾ ਜੜ ਕੇ ਜੇ.ਸੀ.ਬੀ. ਤਿਆਰ ਕੀਤੀ ਏ, ਕਿੰਨੇ ਕ ਪੈਸੇ ਕਮਾ ਲੈਂਦੀ ਏ?"

"ਬਾਈ ਇੱਕ ਸੌ ਸੱਤਰ ਲਈਦੇ ਨੇ ਪੂਰੇ, ਇੱਕ ਟਰਾਲੀ ਦੇ। ਸੀਜਨ 'ਚ ਆਥਣ ਤੱਕ ਪੰਜਾਹ ਟਰਾਲੀਆਂ ਨੀ ਛੱਡਦੀ, ਚਾਹੇ ਮਿੱਟੀ ਕੋਠੇ 'ਤੇ ਸਿੱਟਣੀ ਹੋਵੇ।" ਦੋਨੇ ਜਣੇ ਗੱਲਾਂ ਕਰਦੇ ਹੋਏ ਆਪੋ ਆਪਣੀਆਂ ਬੋਤਲਾਂ ਚੋਂ ਪੈੱਗ ਪਾ ਕੇ ਘਰਾਂ ਨੂੰ ਚਲੇ ਗਏ।

ਸਤਨਾਮ ਪਿੱਛੋਂ ਬੋਲਿਆ, "ਗਰੀਬ ਨੇ ਦਿਹਾੜੀ ਦੋ ਸੌ ਮੰਗ ਲੀ, ਸੋਡੇ ਚਲੂਣੇ ਲੜ ਗੇ। ਸੋਡੇ ਆਲਾ ਖੋਰ ਟਰੈਕਟਰ ਸਾਢੇ ਅੱਠ ਹਜ਼ਾਰ ਦਾ ਦਿਹਾੜੀਆ ਹੈ। ਅਖੇ ਇਹਨਾਂ ਨੂੰ ਕੱਖ ਨਾ ਵੱਢਣ ਦਿਓ, ਚਾਂਭਲ ਜਾਣਗੇ।"

# ਕੁੱਝ ਵਿਚਾਰ

✦ ਮਾਨਸਿਕ ਤੇ ਸਰੀਰਕ ਕਿਰਤ ਦਾ ਪਾੜਾ ਬਹੁਤ ਵਧ ਗਿਆ ਹੈ। ਖਾਸ ਕਰਕੇ ਸਰਕਾਰੀ ਕੁਰਸੀਆਂ ’ਤੇ ਬੈਠਣ ਵਾਲੇ ਮੁਲਾਜ਼ਮ, ਜਿੰਨ੍ਹਾਂ ’ਚੋਂ ਬਹੁਤੇ ਮੁਫਤ ਦੀਆਂ ਤੋੜਦੇ ਨੇ। ਉਹ ਮਜ਼ਦੂਰ ਦੀ ਦਿਨ ਭਰ ਦੀ ਕਮਾਈ ਨੂੰ ਬੇਹੱਕੀ ਸਮਝਦੇ ਨੇ। ਖ਼ੁਦ ਕਦੇ ਵੀ ਹਿਸਾਬ ਨੀਂ ਲਾਉਂਦੇ ਕਿ ਅੱਧਾ ਦਿਨ ਅਸੀਂ ਵੀ ਕੁਰਸੀ ’ਤੇ ਬੈਠ ਕੇ ਟਾਈਮ ਪਾਸ ਕੀਤਾ ਹੈ। ਜੇ ਮਜ਼ਦੂਰ ’ਤੇ ਸਰਕਾਰੀ ਮੁਲਾਜ਼ਮ ਨੂੰ ਇੱਕੋ ਜਿੰਨੀ ਤਨਖਾਹ ਦੇਣ ਦੀ ਗੱਲ ਕਰੀਏ ਤਾਂ ਇਹਨਾਂ ਸਰਕਾਰੀ ਕੁਰਸੀ ਵਾਲਿਆਂ ਦੇ ਮਿਰਚਾਂ ਲਗਦੀਆਂ ਨੇ। ਚਲੋ ਤਨਖ਼ਾਹ ਨੀਂ ਘੱਟ ਵੱਧ ਕਰਦੇ ਕਿਸੇ ਦੀ ਪਰ ਕੰਮ ਬਦਲ ਦਿੰਦੇ ਹਾਂ। ਮਾਸਟਰ ਤੋਂ ਇੱਕ ਦਿਨ ਸਕੂਲ ’ਚ ਬੱਚਿਆਂ ਲਈ ਦੁਪਹਿਰ ਦਾ ਖਾਣਾ ਬਣਵਾਇਆ ਜਾਵੇ। ਬੈਂਕ ਮੈਨੇਜਰ ਤੋਂ ਮਿਸਤਰੀ ਨਾਲ ਬੱਠਲ਼ ਚੁਕਵਾਇਆ ਜਾਵੇ। ਕਾਲਜ ਪ੍ਰੋਫੈਸਰ ਤੋਂ ਝਾੜੂ ਪੋਚਾ ਲਵਾਇਆ ਜਾਵੇ। ਇਵੇਂ ਹੋਰ ਵੀ ਬਹੁਤ ਕੰਮ ਨੇ। ਇਹਨਾਂ ਤੋਂ ਨਰਮਾ ਗੁਡਵਾਇਆ ਜਾਵੇ, ਇੱਕ ਦਿਨ ਰਿਕਸ਼ਾ ਚਲਵਾਇਆ ਜਾਵੇ, ਪਸ਼ੂਆਂ ਦਾ ਗੋਹਾ ਸੁਟਵਾਇਆ ਜਾਵੇ।

✦ ਜੇ ਤਕਲੀਫ਼ ਨੂੰ ਜ਼ਿੰਦਗੀ ਵਿੱਚੋਂ ਮਨਫ਼ੀ ਕਰ ਦਿੱਤਾ ਜਾਵੇ ਤਾਂ ਜ਼ਿੰਦਗੀ ਕੀ ਹੈ? ਜੇ ਜ਼ਿੰਦਗੀ ਵਿੱਚ ਸੰਘਰਸ਼ ਨਹੀਂ ਤਾਂ ਜ਼ਿੰਦਗੀ ਕੀ ਹੈ? ਬਿਨਾਂ ਮਿਹਨਤ ਦੇ ਮਿਲੀ ਨੇਮਤ ਕਿੰਨੀ ਕੁ ਖ਼ੁਸ਼ੀ ਦਿੰਦੀ ਹੋਵੇਗੀ ? ਜੋ ਕਦੇ ਡਿੱਗਿਆ ਨਹੀਂ, ਉਹ ਸਾਬਤ ਕਦਮੀਂ ਤੁਰਨ ਦੇ ਆਨੰਦ ਨੂੰ ਕਿਵੇਂ ਮਹਿਸੂਸ ਕਰ ਸਕਦਾ ਹੈ ?

✦ ਚਰਿੱਤਰ ਸਿਰਫ ਆਦਮੀ ਔਰਤ ਦੇ ਸਬੰਧਾਂ ਦਾ ਵਖਿਆਨ ਨਹੀਂ ਹੁੰਦਾ। ਇਹ ਬਹੁਪਰਤੀ ਹੁੰਦਾ। ਮਸਲਨ ਤੁਸੀਂ ਭੈਣ ਭਰਾਵਾਂ ਨਾਲ ਕਿਵੇਂ ਵਿਚਰਦੇ ਹੋ, ਦੋਸਤਾਂ ਨਾਲ ਕਿਵੇਂ, ਸਕੂਲ ’ਚ ਕਿਵੇਂ, ਮਿਡ-ਡੇ-ਮੀਲ ਵਰਕਰਸ ਨਾਲ, ਮਜ਼ਦੂਰਾਂ ਨਾਲ, ਸਭ ਤੋਂ ਵੱਡੀ ਗੱਲ ਆਪਣੀ ਜ਼ਮੀਰ ਨਾਲ।

✦ ਪਰਵਾਸ ਭਾਵੇਂ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਵੱਲ ਹੋਵੇ ਜਾਂ ਇੱਕ ਦੇਸ਼ ਤੋਂ ਦੂਜੇ ਵੱਲ। ਇਹ ਹਮੇਸ਼ਾ ਵਧੀਆ ਜ਼ਿੰਦਗੀ ਲਈ ਹੁੰਦਾ ਹੈ ਪਰ ਇਨਕਲਾਬੀ ਨਹੀਂ ਹੁੰਦਾ।

✦ ਇਨਸਾਨ ਧਰਤੀ 'ਤੇ ਸਭ ਤੋਂ ਸੋਹਣਾ ਤੇ ਮੋੜਵੇਂ ਰੂਪ 'ਚ ਧਰਤੀ ਨੂੰ ਸੋਹਣਾ ਬਣਾਉਣ ਵਾਲਾ ਜੀਵ ਹੈ। ਪੂੰਜੀਵਾਦੀ ਨਿਜ਼ਾਮ ਵਿੱਚ ਰਹਿੰਦੇ ਹੋਏ ਇਨਸਾਨ ਹੀ ਸਭ ਤੋਂ ਵੱਧ ਧਰਤੀ ਨੂੰ ਬਰਬਾਦ ਕਰ ਰਿਹਾ ਹੈ।